# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



# Real Estate Exam Prep

## Hurry UP, Rules are Changing!
## To get Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

## ਅੱਜ ਨਾਮਾ

ਕਰ ਲਓ ਕੋਈ ਹਮਾਇਤ ਜਾਂ ਗਾਲ੍ਹ ਕੱਢੋ,
ਚਰਚਾ ਵਿੱਚ ਤਾਂ ਸਿੱਧੂ ਦਾ ਨਾਮ ਮਿੱਤਰ।
ਜਿੰਨੀ ਖੱਟ ਲਈ ਲਾਂਘੇ ਦੀ ਭੱਲ ਉਸ ਨੇ,
ਓਨੀ ਹੋਈ ਨਹੀਂ ਭੰਡੀ ਹੈ ਆਮ ਮਿੱਤਰ।
ਉਸ ਦੇ ਅੱਜ ਦੇ ਯਾਰ ਕਈ ਖੱਲ ਲਾਹੁੰਦੇ,
ਪੁਰਾਣੇ ਸਕੇ ਵੀ ਕਰਨ ਬਦਨਾਮ ਮਿੱਤਰ।
ਰਹੇ ਟੀ ਵੀ ਸਕਰੀਨ'ਤੇ ਨਿੱਤ ਚੜ੍ਹਿਆ,
ਖਬਰਾਂ ਵਾਸਤੇ ਸੁਬਹਾ ਤੇ ਸ਼ਾਮ ਮਿੱਤਰ।
ਨਾ ਹੀ ਐਡ ਦਾ ਸਿੱਧੂ ਨੇ ਖਰਚ ਕਰਿਆ,
ਨਾ ਹੀ ਕੀਤੜੀ ਕਿਸੇ ਨਾਲ ਗੱਲ ਮਿੱਤਰ।
ਪਿਛਾਂਹ ਛੱਡ ਗਿਆ ਐਡ ਏਜੰਸੀਆਂ ਨੂੰ,
ਥਾਂ-ਥਾਂ ਪਿਆ ਹੈ ਖੜਕਦਾ ਟੱਲ ਮਿੱਤਰ।

ਤੀਸ ਮਾਰ ਖਾਂ

ਚੀਫ਼ ਖ਼ਾਲਸਾ ਦੀਵਾਨ ਚੋਣਾਂ:

# ਪਤਿਤ ਵੋਟਰਾਂ ਦਾ ਮੁੱਦਾ ਲੈ ਕੇ ਰਿਟਰਨਿੰਗ ਅਫਸਰ ਵੱਲੋਂ ਅਕਾਲ ਤਖ਼ਤ ਨੂੰ ਪਹੁੰਚ

ਅੰਮ੍ਰਿਤਸਰ, 29 ਨਵੰਬਰ, (ਪੋਸਟ ਬਿਊਰੋ)- ਚੀਫ਼ ਖਾਲਸਾ ਦੀਵਾਨ ਦੀ 2 ਦਸੰਬਰ ਨੂੰ ਹੋ ਰਹੀ ਚੋਣ ਨੇੜੇ ਆਉਂਦੇ ਵੇਖ ਕੇ ਇਸ ਵਿਚਲੇ ਵਿਵਾਦ ਵੀ ਵਧੀ ਜਾਂਦੇ ਹਨ। ਅੱਜ ਇਸ ਦੇ ਚੋਣ ਅਧਿਕਾਰੀ ਪ੍ਰੋ. ਬਲਜਿੰਦਰ ਸਿੰਘ ਨੇ ਦੋਸ਼ ਲਾਇਆ ਕਿ ਵੋਟਰ ਸੂਚੀਆਂ ਵਿਚ ਪਤਿਤ ਤੇ ਅੰਮ੍ਰਿਤਧਾਰੀ ਵੋਟਰਾਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ। ਅਕਾਲ ਤਖ਼ਤ ਵਿਖੇ ਪਹੁੰਚ ਕੇ ਉਨ੍ਹਾਂ ਜਥੇਦਾਰ ਨੂੰ ਅਪੀਲ ਕਰ ਦਿੱਤੀ ਕਿ ਉਹ ਦੋ ਦਸੰਬਰ ਨੂੰ ਚੋਣ ਦੇ ਦਿਨ ਪੰਜ ਪਿਆਰਿਆਂ ਨੂੰ ਭੇਜਣ, ਜੋ ਉਥੇ ਹਾਜ਼ਰ ਹੋ ਕੇ ਸਿਰਫ਼ ਅੰਮ੍ਰਿਤਧਾਰੀ ਵੋਟਰਾਂ ਨੂੰ ਚੋਣਾਂ ਵਿਚ ਹਿੱਸਾ ਲੈਣ ਦੀ ਆਗਿਆ ਦੇਣ।

ਵਰਨਣ ਯੋਗ ਹੈ ਕਿ ਪ੍ਰੋ. ਬਲਜਿੰਦਰ ਸਿੰਘ ਖੁਦ ਚੀਫ ਖਾਲਸਾ ਦੀਵਾਨ ਦੇ ਮੈਂਬਰ ਹਨ ਤੇ ਕਈ ਸਿੱਖ ਸੰਸਥਾਵਾਂ ਨਾਲ ਜੁੜੇ ਹੋਏ ਹਨ। ਚੀਫ਼ ਖ਼ਾਲਸਾ ਦੀਵਾਨ ਦੀ ਚੋਣ ਲਈ ਉਨ੍ਹਾਂ ਨੂੰ ਤਿੰਨ ਮੈਂਬਰੀ ਚੋਣ ਅਧਿਕਾਰੀਆਂ ਵਿਚ ਸ਼ਾਮਲ ਕੀਤਾ ਗਿਆ ਹੈ। ਮਾਰਚ 2018 ਵਿਚ ਹੋਈਆਂ ਚੋਣਾਂ ਸਮੇਂ ਵੀ ਉਹ ਚੋਣ ਅਧਿਕਾਰੀ ਸਨ। ਅੱਜ ਅਕਾਲ ਤਖ਼ਤ ਵਿਖੇ ਪੱਤਰ ਸੌਂਪ ਕੇ ਉਨ੍ਹਾਂ ਕਿਹਾ ਕਿ ਵੋਟਰ ਸੂਚੀ ਵਿਚਲੇ ਪਤਿਤ ਵੋਟਰਾਂ ਦਾ ਮੁੱਦਾ ਉਹ ਕਈ ਵਾਰ ਉਠਾ ਚੁੱਕੇ ਹਨ ਤੇ ਚੋਣ ਅਧਿਕਾਰੀ ਬਣਨ ਪਿੱਛੋਂ ਉਨ੍ਹਾਂ 3 ਨਵੰਬਰ ਨੂੰ ਇਹ ਵੋਟਰ ਸੂਚੀ ਦੀਵਾਨ ਦੇ ਆਨਰੇਰੀ ਸਕੱਤਰ ਨੂੰ ਸੋਧਣ ਲਈ ਭੇਜੀ ਸੀ, ਪਰ ਅੱਜ ਤਕ ਸੂਚੀ ਸੋਧ ਕੇ ਨਹੀਂ ਭੇਜੀ ਗਈ। ਉਨ੍ਹਾਂ ਕਾਰਜ ਸਾਧਕ ਕਮੇਟੀ ਦੀਆਂ ਮੀਟਿੰਗਾਂ ਵਿਚ ਵੀ ਇਹ ਮਾਮਲਾ ਰੱਖਿਆ, ਪਰ ਕਾਰਵਾਈ ਨਹੀਂ ਹੋਈ। ਉਨ੍ਹਾਂ ਅਪੀਲ ਕੀਤੀ ਕਿ ਚੋਣ ਅਕਾਲ ਤਖ਼ਤ ਦੀ ਨਿਗਰਾਨੀ ਹੇਠ ਹੋਵੇ, ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰੇ ਭੇਜੇ ਜਾਣ, ਜੋ ਅੰਮ੍ਰਿਤਧਾਰੀ ਮੈਂਬਰਾਂ ਨੂੰ ਹੀ ਵੋਟ ਪਾਉਣ ਦੇਣ।

ਇਸ ਦੌਰਾਨ ਚੀਫ ਖ਼ਾਲਸਾ ਦੀਵਾਨ ਦੇ ਸਾਬਕਾ ਆਨਰੇਰੀ ਸਕੱਤਰ ਅਤੇ ਸੀਨੀਅਰ ਮੈਂਬਰ ਭਾਗ ਸਿੰਘ ਅਣਖੀ ਨੇ ਦੂਜੀ ਧਿਰ ਦੇ ਜਸਵਿੰਦਰ ਸਿੰਘ ਐਡਵੋਕੇਟ ਦਾ ਨਾਂ ਲਏ ਬਿਨਾਂ ਦੋਸ਼ ਲਾਇਆ ਕਿ ਉਹ ਵੀ ਲੋੜੀਂਦੀ ਪ੍ਰਕਿਰਿਆ ਦੇ ਬਿਨਾਂ ਸੰਸਥਾ ਦੇ ਮੈਂਬਰ ਬਣੇ ਹਨ, ਇਸ ਲਈ ਕਿਸੇ ਉੱਤੇ ਦੋਸ਼ ਲਾਉਣ ਤੋਂ ਪਹਿਲਾਂ ਪੀੜ੍ਹੀ ਹੇਠ ਸੋਟਾ ਫੇਰਨ। ਜਸਵਿੰਦਰ ਸਿੰਘ ਐਡਵੋਕੇਟ ਵੱਲੋਂ ਇਸ ਦਾ ਜਵਾਬ ਦਿੰਦਿਆਂ ਸਾਬਕਾ ਆਨਰੇਰੀ ਸਕੱਤਰ ਸੰਤੋਖ ਸਿੰਘ ਸੇਠੀ ਨੇ ਕਿਹਾ ਕਿ ਕਾਨਪੁਰ ਵਿਚ ਹੋਈ ਜਿਸ ਮੀਟਿੰਗ ਦੀ ਕਾਰਵਾਈ 'ਤੇ ਅਣਖੀ ਉਂਗਲ ਉਠਾ ਰਹੇ ਹਨ, ਉਸ ਨੂੰ ਹੇਠਲੀ ਅਦਾਲਤ ਤੇ ਸੈਸ਼ਨ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ, ਜਿੱਥੇ ਉਸ ਮੀਟਿੰਗ ਨੂੰ ਕਾਨੂੰਨੀ ਮਾਨਤਾ ਮਿਲ ਚੁੱਕੀ ਹੈ।

# ਦਰਜਨ ਕੁ ਨੌਜਵਾਨਾਂ ਨੇ ਪੁਲਸ 'ਤੇ ਫਾਇਰਿੰਗ ਕੀਤੀ, ਛੇ ਕਾਬੂ

ਤਰਨ ਤਾਰਨ, 29 ਨਵੰਬਰ (ਪੋਸਟ ਬਿਊਰੋ)- ਕਸਬਾ ਗੋਇੰਦਵਾਲ ਸਾਹਿਬ ਦੇ ਐਸ ਐਚ ਓ ਸਮੇਤ ਪੁਲਸ ਟੀਮ ਉਤੇ ਫਾਇਰਿੰਗ ਕਰਕੇ ਤਰਨ ਤਾਰਨ ਵੱਲ ਭੱਜੇ ਦਰਜਨ ਦੇ ਕਰੀਬ ਅਨਸਰਾਂ ਵਿੱਚੋਂ ਥਾਣਾ ਸਿਟੀ ਤਰਨ ਤਾਰਨ ਦੀ ਪੁਲਸ ਨੇ ਛੇ ਜਣਿਆਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਫੜੇ ਗਏ ਅਨਸਰਾਂ ਤੋਂ ਮਾਰੂ ਹਥਿਆਰ ਬਰਾਮਦ ਹੋਏ ਹਨ, ਜਦ ਕਿ ਫਰਾਰ ਹਮਲਾਵਰਾਂ ਦੀ ਭਾਲ ਜਾਰੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐਸ ਪੀ ਇਨਵੈਸਟੀਗੇਸ਼ਨ ਤਿਲਕ ਰਾਜ ਨੇ ਦੱਸਿਆ ਕਿ ਥਾਣਾ ਗੋਇੰਦ-ਵਾਲ ਸਾਹਿਬ ਦੇ ਐਸ ਐਚ ਓ ਬਲਜਿੰਦਰ ਸਿੰਘ ਬਾਜਵਾ ਅਤੇ ਟੀਮ 'ਤੇ ਚਾਰ ਗੱਡੀਆਂ ਵਿੱਚ ਸਵਾਰ ਅਨਸਰਾਂ ਨੇ ਫਾਇਰਿੰਗ ਕੀਤੀ, ਜੋ ਗੋਇੰਦਵਾਲ ਤੋਂ ਤਰਨ ਤਾਰਨ ਵੱਲ ਭੱਜ ਨਿਕਲੇ। ਸੂਚਨਾ ਮਿਲਦੇ ਸਾਰ ਥਾਣਾ ਸਿਟੀ ਦੇ ਮੁਖੀ ਚੰਦਰ ਭੂਸ਼ਣ ਨੇ ਪੁਲਸ ਟੀਮ ਸਮੇਤ ਬਾਠ ਚੌਕ ਤਰਨ ਤਾਰਨ ਵਿਖੇ ਨਾਕਾਬੰਦੀ ਕਰਕੇ ਛੇ ਨੌਜਵਾਨਾਂ ਨੂੰ ਫੜ ਲਿਆ। ਫੜੇ ਗਏ ਨੌਜਵਾਨਾਂ ਦੀ ਪਛਾਣ ਅਮਰਦੀਪ ਸਿੰਘ ਬਾਬਾ ਪੁੱਤਰ ਗੁਰਬੀਰ ਸਿੰਘ ਵਾਸੀ ਮਹਿਮੂਦਪੁਰਾ, ਗੁਰਲਾਲ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਨੌਸ਼ਹਿਰਾ ਪਨੂੰਆਂ, ਦਿਲਬਾਗ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਲੌਹਕਾ, ਹਰਜੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਘਰਿਆਲਾ, ਸਿਮਰਜੀਤ ਸਿੰਘ ਪੁੱਤਰ ਪਲਜੀਤ ਸਿੰਘ ਵਾਸੀ ਰਮਾਣਾ ਚੱਕ, ਸਾਹਿਬ ਸਿੰਘ ਸਾਬੀ ਪੁੱਤਰ ਕਸ਼ਮੀਰ ਸਿੰਘ ਵਾਸੀ ਮੁਹੱਲਾ ਗਾਜ਼ੀਬਾਦ ਸੁਲਤਾਨਪੁਰ ਲੋਧੀ ਵਜੋਂ ਹੋਈ ਹੈ।

# ਕੈਪਟਨ ਅਮਰਿੰਦਰ ਤੇ ਬੇਟੇ ਰਣਇੰਦਰ ਨੂੰ ਤਲਬ ਕਰਨ ਦਾ ਹੁਕਮ ਰੱਦ



ਲੁਧਿਆਣਾ, 29 ਨਵੰਬਰ (ਪੋਸਟ ਬਿਊਰੋ)- ਇਨਕਮ ਟੈਕਸ ਵਿਭਾਗ ਦੀ ਸ਼ਿਕਾਇਤ ਉੱਤੇ ਜੁਡੀਸ਼ਲ ਮੈਜਿਸਟਰੇਟ ਰਾਜੀਵ ਕੁਮਾਰ ਬੇਰੀ ਦੀ ਅਦਾਲਤ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਵੱਡੀ ਰਾਹਤ ਦਿੰਦੇ ਹੋਏ ਲੁਧਿਆਣਾ ਦੀ ਅਦਾਲਤ ਵੱਲੋਂ ਤਲਬ ਕਰਨ ਦਾ ਹੁਕਮ ਰੱਦ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੇ ਉਨ੍ਹਾਂ ਨੂੰ ਤਲਬ ਕਰਨ ਦੇ ਖਿਲਾਫ ਰਿਵੀਜ਼ਨ ਪਟੀਸ਼ਨ ਦਾਖਲ ਕੀਤੀ ਸੀ। ਪਹਿਲੀ ਪੇਸ਼ੀ ਉਤੇ ਪਿਤਾ-ਪੁੱਤਰ ਦੇ ਵਕੀਲਾਂ ਤੇ ਵਿਭਾਗ ਦੇ ਵਕੀਲ ਨੇ ਬਹਿਸ ਪੂਰੀ ਕੀਤੀ ਸੀ। ਇਸ ਦੇ ਬਾਅਦ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ। ਕੱਲ੍ਹ ਜੁਡੀਸ਼ੀਅਲ ਮੈਜਿਸਟਰੇਟ ਰਾਜੀਵ ਕੁਮਾਰ ਬੇਰੀ ਨੇ ਹੇਠਲੀ ਅਦਾਲਤ ਵੱਲੋਂ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਤਲਬ ਕਰਨ ਦਾ ਹੁਕਮ ਰੱਦ ਕਰ ਦਿੱਤਾ। ਉਨ੍ਹਾਂ ਨੇ ਕੇਸ ਦੋਬਾਰਾ ਹੇਠਲੀ ਅਦਾਲਤ ਕੋਲ 10 ਦਸੰਬਰ ਲਈ ਭੇਜਦੇ ਹੋਏ ਇਨਕਮ ਟੈਕਸ ਵਿਭਾਗ ਦੀਆਂ ਸ਼ਿਕਾਇਤਾਂ 'ਤੇ ਦੋਬਾਰਾ ਬਹਿਸ ਸੁਣ ਕੇ ਨਵਾਂ ਫੈਸਲਾ ਦੇਣ ਲਈ ਕਿਹਾ ਹੈ। ਅਦਾਲਤ ਨੇ ਇਨਕਮ ਟੈਕਸ ਵਿਭਾਗ ਦੇ ਉਸ ਅਧਿਕਾਰੀ, ਜੋ ਸ਼ਿਕਾਇਤ ਕਰਤਾ ਹੈ, ਨੂੰ ਵੀ ਆਪਣੇ ਵਕੀਲ ਦੇ ਨਾਲ ਹੇਠਲੀ ਅਦਾਲਤ ਵਿੱਚ ਪੇਸ਼ ਹੋਣ ਨੂੰ ਕਿਹਾ ਅਤੇ ਫੈਸਲੇ ਵਿੱਚ ਲਿਖਿਆ ਕਿ ਹੇਠਲੀ ਅਦਾਲਤ ਵਿੱਚ ਮਾਮਲੇ ਨਾਲ ਸੰਬੰਧਤ ਪੇਸ਼ ਕੀਤੇ ਗਏ ਦਸਤਾਵੇਜ਼ ਨਿਯਮਾਂ ਦੇ ਅਨੁਸਾਰ ਅਟੈਸਟਿਡ ਨਹੀਂ ਸਨ। ਉਨ੍ਹਾਂ ਵਿੱਚ ਖ਼ਾਮੀਆਂ ਦੇ ਬਾਵਜੂਦ ਦੋਵਾਂ ਪਿਤਾ-ਪੁੱਤਰ ਨੂੰ ਤਲਬ ਕਰਨਾ ਗਲਤ ਹੈ। ਉਸ ਵੇਲੇ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਜਪਿੰਦਰ ਸਿੰਘ ਦੀ ਅਦਾਲਤ ਨੇ ਇਨਕਮ ਟੈਕਸ ਵਿਭਾਗ ਵੱਲੋਂ ਫੌਜਦਾਰੀ ਸ਼ਿਕਾਇਤ 'ਤੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਬੇਟੇ ਰਣਇੰਦਰ ਸਿੰਘ ਨੂੰ ਤਲਬ ਕੀਤਾ ਸੀ। ਸ਼ਿਕਾਇਤ ਵਿੱਚ ਵਿਭਾਗ ਨੇ ਕੈਪਟਨ ਅਤੇ ਰਣਇੰਦਰ ਸਿੰਘ 'ਤੇ ਦੋਸ਼ ਲਾਇਆ ਹੈ ਕਿ ਦੋਵਾਂ ਦੀਆਂ ਵਿਦੇਸ਼ਾਂ ਵਿੱਚ ਚੱਲ-ਅਚੱਲ ਜਾਇਦਾਦਾਂ ਹਨ ਅਤੇ ਉਨ੍ਹਾਂ ਨੇ ਵਿਭਾਗ ਨੂੰ ਹਨੇਰੇ ਵਿੱਚ ਰੱਖਦੇ ਹੋਏ ਜਰਕੰਧਾ ਟਰੱਸਟ ਦੇ ਜ਼ਰੀਏ ਕਈ ਲਾਭ ਹਾਸਲ ਕੀਤੇ ਹਨ।

# ਟੀ ਸੀ ਐੱਸ ਨੇ ਅਮਰੀਕਾ ਵਿੱਚ ਵਿਤਕਰਾ ਕੇਸ ਵਿੱਚ ਕਾਨੂੰਨੀ ਜੰਗ ਜਿੱਤੀ



ਨਿਊਯਾਰਕ, 29 ਨਵੰਬਰ (ਪੋਸਟ ਬਿਊਰੋ)- ਭਾਰਤੀ ਆਈ ਟੀ ਕੰਪਨੀ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ ਸੀ ਐੱਸ) ਨੇ ਅਮਰੀਕਾ ਵਿਚ ਮੁਲਾਜ਼ਮਾਂ ਨਾਲ ਵਿਤਕਰੇ ਦੇ ਕੇਸ ਵਿਚ ਵੱਡੀ ਕਾਨੂੰਨੀ ਲੜਾਈ ਜਿੱਤ ਲਈ ਹੈ।

ਕੈਲੀਫੋਰਨੀਆ ਕੋਰਟ ਦੀ ਜਿਊਰੀ ਨੇ ਸਰਬ ਸੰਮਤੀ ਨਾਲ ਟੀ ਸੀ ਐੱਸ ਦੇ ਪੱਖ ਵਿਚ ਫ਼ੈਸਲਾ ਦਿੱਤਾ ਕਿ ਭਾਰਤੀ ਕੰਪਨੀ ਨੇ ਦੱਖਣੀ ਏਸ਼ਿਆਈ ਮੁਲਾਜ਼ਮਾਂ ਤੋਂ ਬਿਨਾਂ ਦੂਸਰਿਆਂ ਨਾਲ ਵਿਤਕਰਾ ਨਹੀਂ ਕੀਤਾ। ਅਮਰੀਕੀ ਮੀਡੀਆ ਅਨੁਸਾਰ ਕੈਲੀਫੋਰਨੀਆ ਦੇ ਓਕਲੈਂਡ ਕੋਰਟ ਦੀ ਨੌਂ ਮੈਂਬਰੀ ਜਿਊਰੀ ਨੇ ਬੁੱਧਵਾਰ ਨੂੰ ਫ਼ੈਸਲਾ ਦਿੱਤਾ। ਟੀ ਸੀ ਐੱਸ ਦੇ ਤਿੰਨ ਸਾਬਕਾ ਮੁਲਾਜ਼ਮਾਂ ਕ੍ਰਿਸਟੋਫਰ ਸਲਾਈਟ, ਸੱਯਦ ਅਮੀਰ ਮਸੂਦੀ ਅਤੇ ਨੋਬੇਲ ਮੈਂਡਿਲੀ ਨੇ ਆਪਣੇ ਕੇਸ ਵਿੱਚ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਘੱਟੋ ਘੱਟ ਮੌਕੇ ਦਿੱਤੇ ਗਏ ਸਨ ਤੇ ਉਨ੍ਹਾਂ ਦੀ ਕੌਮੀਅਤ ਦੇ ਕਾਰਨ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਟੀ ਸੀ ਐੱਸ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਇਸ ਬਾਰੇ ਹਮੇਸ਼ਾ ਕਾਇਮ ਰਹੇ ਕਿ ਇਸ ਕੇਸ ਵਿਚ ਕੀਤੇ ਦਾਅਵੇ ਆਧਾਰਹੀਣ ਹਨ। ਅਸੀਂ ਖ਼ੁਸ਼ ਹਾਂ ਕਿ ਜਿਊਰੀ ਵੀ ਇਸ ਨਾਲ ਸਹਿਮਤ ਹੋਈ। ਕੰਪਨੀ ਦੀ ਸਫਲਤਾ ਸਾਡੇ ਕਰਮਚਾਰੀਆਂ ਦੀ ਪ੍ਰਤਿਭਾ, ਕੰਮ ਵਿਚ ਮੁਹਾਰਤਾ ਤੇ ਡੂੰਘੇ ਉਦਯੋਗਿਕ ਗਿਆਨ 'ਤੇ ਨਿਰਭਰ ਕਰਦੀ ਹੈ। ਇਸ ਲਈ ਉਨ੍ਹਾਂ ਦੀ ਨਿਯੁਕਤੀ ਦੇ ਬਾਰੇ ਫ਼ੈਸਲਾ ਉਨ੍ਹਾਂ ਦੀਆਂ ਸਮਰੱਥਾਵਾਂ ਦੇ ਆਧਾਰ 'ਤੇ ਹੁੰਦਾ ਹੈ।

ਪਟੀਸ਼ਨ ਕਰਤਾਵਾਂ ਦੇ ਵਕੀਲ ਨੇ ਅਦਾਲਤ ਵਿਚ ਦਾਅਵਾ ਕੀਤਾ ਕਿ ਇਕ ਨਿਸ਼ਚਿਤ ਸਮਾਂ ਹੱਦ ਵਿਚ ਕੰਪਨੀ ਨੇ ਇਕ ਫ਼ੀਸਦੀ ਤੋਂ ਘੱਟ ਦੱਖਣੀ ਏਸ਼ਿਆਈ ਕਰਮਚਾਰੀਆਂ (ਜ਼ਿਆਦਾਤਰ ਭਾਰਤੀਆਂ) ਨੂੰ ਕੱਢਿਆ, ਜਦ ਕਿ ਇਸ ਸਮੇਂ ਵਿੱਚ ਇਸ ਦੇ ਮੁਕਾਬਲੇ 10.6 ਫ਼ੀਸਦੀ ਗ਼ੈਰ ਦੱਖਣੀ ਏਸ਼ਿਆਈ ਕਰਮਚਾਰੀਆਂ ਦੀ ਛੁੱਟੀ ਕੀਤੀ ਗਈ। ਇਸ ਦਾਅਵੇ ਉਤੇ ਟੀ ਸੀ ਐੱਸ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਕੰਪਨੀ ਦੇ ਕਰਮਚਾਰੀਆਂ ਦੇ ਡਾਟਾ ਤੋਂ ਜ਼ਾਹਿਰ ਹੁੰਦਾ ਹੈ ਕਿ ਸਾਲ 2011 ਤੋਂ ਸਥਾਨਕ ਕਰਮਚਾਰੀਆਂ ਨੂੰ ਨੌਕਰੀ ਦੇਣ ਵਿਚ 400 ਫ਼ੀਸਦੀ ਦਾ ਵਾਧਾ ਹੋਇਆ ਹੈ।

# ਅਮਰੀਕਾ ਨੇ ਪਾਕਿਸਤਾਨ ਲਈ 21 ਹਜ਼ਾਰ ਕਰੋੜ ਦੀ ਸੁਰੱਖਿਆ ਮਦਦ ਰੋਕੀ

ਵਾਸ਼ਿੰਗਟਨ, 29 ਨਵੰਬਰ (ਪੋਸਟ ਬਿਊਰੋ)- ਅਮਰੀਕਾ ਸਰਕਾਰ ਨੇ ਇਸ ਸਾਲ ਪਾਕਿਸਤਾਨ ਨੂੰ ਮਿਲਣ ਵਾਲੀ ਤਿੰਨ ਅਰਬ ਡਾਲਰ (ਕਰੀਬ 21 ਹਜ਼ਾਰ ਕਰੋੜ ਰੁਪਏ) ਦੀ ਸੁਰੱਖਿਆ ਮਦਦ ਰੋਕ ਦਿੱਤੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿੱਛੇ ਜਿਹੇ ਅੱਤਵਾਦੀ ਸੰਗਠਨਾਂ 'ਤੇ ਰੋਕ ਲਾਉਣ ਦੀ ਨਾਕਾਮੀ ਦੇ ਦੋਸ਼ ਕਾਰਨ ਪਾਕਿਸਤਾਨ ਦੀ ਸੁਰੱਖਿਆ ਮਦਦ ਰੋਕ ਦੇਣ ਲਈ ਐਲਾਨ ਕੀਤਾ ਸੀ। ਟਰੰਪ ਪ੍ਰਸ਼ਾਸਨ ਨੇ ਤਦ ਇਹ ਅੰਕੜਾ 1.3 ਅਰਬ ਡਾਲਰ (ਕਰੀਬ ਨੌਂ ਹਜ਼ਾਰ ਕਰੋੜ ਰੁਪਏ) ਦਾ ਦੱਸਿਆ ਸੀ, ਪ੍ਰੰਤੂ ਵੱਖ-ਵੱਖ ਫੰਡਿੰਗ ਸਰੋਤਾਂ ਤੋਂ ਮਿਲੇ ਸਾਰੇ ਅੰਕੜਿਆਂ ਦੇ ਆਧਾਰ 'ਤੇ ਰੋਕੀ ਗਈ ਸੁਰੱਖਿਆ ਮਦਦ ਬਾਰ ਨਵੀਂ ਜਾਣਕਾਰੀ ਦੱਸੀ ਗਈ ਹੈ। ਟਰੰਪ ਨੇ ਕਿਹਾ ਸੀ ਕਿ ਅਮਰੀਕਾ ਤੋਂ ਅਰਬਾਂ ਡਾਲਰ ਦੀ ਮਦਦ ਲੈਣ ਪਿੱਛੋਂ ਵੀ ਪਾਕਿਸਤਾਨ ਨੇ ਅੱਤਵਾਦੀਆਂ 'ਤੇ ਕਾਰਵਾਈ ਨਹੀਂ ਕੀਤੀ। ਪਾਕਿਸਤਾਨ ਜਦ ਤਕ ਆਪਣੇ ਦੇਸ਼ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਕਾਰਵਾਈ ਨਹੀਂ ਕਰਦਾ, ਤਦ ਤਕ ਉਸ ਨੂੰ ਮਦਦ ਨਹੀਂ ਮਿਲੇਗੀ। ਟਰੰਪ ਦੇ ਇਸ ਬਿਆਨ ਤੋਂ ਭੜਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਸੀ ਕਿ ਟਰੰਪ ਦੇ ਸਾਹਮਣੇ ਅੰਕੜੇ ਰੱਖਣ ਦੀ ਲੋੜ ਹੈ। ਅਸੀਂ ਅੱਤਵਾਦ ਦੇ ਖ਼ਿਲਾਫ਼ ਲੜਾਈ ਵਿਚ ਅਮਰੀਕਾ ਦਾ ਸਾਥ ਦਿੱਤਾ। ਇਸ ਲੜਾਈ ਵਿਚ 75 ਹਜ਼ਾਰ ਪਾਕਿਸਤਾਨੀਆਂ ਦੀ ਜਾਨ ਗਈ ਅਤੇ ਅਰਥ-ਵਿਵਸਥਾ ਨੂੰ 123 ਅਰਬ ਡਾਲਰ ਦਾ ਨੁਕਸਾਨ ਹੋਇਆ। ਅਮਰੀਕਾ ਦੇ ਕਈ ਸੀਨੀਅਰ ਅਧਿਕਾਰੀਆਂ ਦੀ ਰਾਏ ਹੈ ਕਿ ਅਮਰੀਕਾ ਨਾਲ ਪਾਕਿਸਤਾਨ ਡਬਲ ਗੇਮ ਖੇਡ ਰਿਹਾ ਹੈ। ਉਹ ਹੱਕਾਨੀ ਨੈੱਟਵਰਕ, ਤਾਲਿਬਾਨ ਅਤੇ ਲਸ਼ਕਰ-ਏ-ਤਾਇਬਾ ਵਰਗੇ ਅੱਤਵਾਦੀ ਸੰਗਠਨਾਂ ਖ਼ਿਲਾਫ਼ ਕੋਈ ਸੰਤੁਸ਼ਟੀ ਜਨਕ ਕਾਰਵਾਈ ਨਹੀਂ ਕਰਦਾ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰ਼ੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
Automatic & Manual Trucks
• 1 on 1 Training
Forklift Training
Reach Truck
Forklift $79 Recertification
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## ਵਿਛੜੇ ਗੁਰਧਾਮਾਂ ਪ੍ਰਤੀ ਨਿਊਜ਼ੀਲੈਂਡ ਵਸਦੇ ਸਿੱਖਾਂ ਦੀ ਪਹਿਲ ਕਦਮੀ

# ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਨੂੰ 'ਵੈਟੀਕਨ ਸਿਟੀ' ਦੀ ਤਰਜ਼ ਉਤੇ ਵੀਜ਼ਾ ਮੁਕਤ ਐਲਾਨਿਆ ਜਾਵੇ


ਪਾਕਿਸਤਾਨ ਹਾਈ ਕਮਿਸ਼ਨਰ ਸ੍ਰੀ ਅਬਦੁਲ ਮਲਿਕ ਨੂੰ ਮੰਗ ਪੱਤਰ ਸੌਂਪਣ ਸਮੇਂ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ, ਸ. ਰਣਵੀਰ ਸਿੰਘ ਲਾਲੀ ਅਤੇ ਹੋਰ।

ਔਕਲੈਂਡ 29 ਨਵੰਬਰ (ਹਰਜਿੰਦਰ ਸਿੰਘ)-ਭਾਰਤ ਅਤੇ ਪਾਕਿਸਤਾਨ ਸਰਕਾਰ ਵੱਲੋਂ ਜਿੱਥੇ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਲਈ ਵੀਜ਼ਾ ਮੁਕਤ ਲਾਂਘਾ ਸ਼ੁਰੂ ਕੀਤਾ ਜਾ ਰਿਹਾ ਹੈ ਉਥੇ ਨਿਊਜ਼ੀਲੈਂਡ ਵਸਦੇ ਸਿੱਖਾਂ ਨੇ ਇਕ ਹੋਰ ਪਹਿਲ ਕਦਮੀ ਕਰਦੇ ਹੋਏ ਪਾਕਿਸਤਾਨ ਸਥਿਤ ਵਿਛੜੇ ਗੁਰਧਾਮਾਂ ਲਈ ਇਕ ਨਵੀਂ ਪਹਿਲ ਕਦਮੀ ਕੀਤੀ ਹੈ। ਅੱਜ ਇਕ ਮੰਗ ਪੱਤਰ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਨੂੰ 'ਵੈਟੀਕਨ ਸਿਟੀ' ਦੀ ਤਰਜ਼ 'ਤੇ ਵੀਜ਼ਾ ਮੁਕਤ ਸ਼ਹਿਰ ਐਲਾਨਣ ਦੀ ਮੰਗ ਕੀਤੀ ਹੈ। ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਨੇ ਨਿਊਜ਼ੀਲੈਂਡ ਦੀਆਂ ਸਿੱਖ ਸੰਸਥਾਵਾਂ ਦੀ ਤਰਫ ਤੋਂ ਇਕ ਸਾਂਝਾ ਮੰਗ ਪੱਤਰ ਵਲਿੰਗਟਨ ਸਥਿਤ ਪਾਕਿਸਤਾਨ ਹਾਈ ਕਮਿਸ਼ਨਰ ਸ੍ਰੀ ਅਬਦੁਲ ਮਲਿਕ ਨੂੰ ਸੌਂਪਿਆ। ਪੱਤਰ ਦੇ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ੍ਰੀ ਇਮਰਾਨ ਖਾਨ ਦਾ ਸ੍ਰੀ ਕਰਤਾਰ ਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੇ ਫੈਸਲੇ ਦਾ ਧੰਨਵਾਦ ਵੀ ਕੀਤਾ ਗਿਆ। ਪੱਤਰ ਵਿਚ ਮੰਗ ਕੀਤੀ ਗਈ ਕਿ ਸ੍ਰੀ ਨਨਕਾਣਾ ਸਾਹਿਬ ਨੂੰ 'ਵੈਟੀਕਨ ਸਟੇਟਸ' ਦਾ ਦਰਜਾ ਦਿੱਤਾ ਜਾਵੇ ਤਾਂ ਕਿ ਲੋਕ ਬਿਨਾਂ ਕਿਸੇ ਰੋਕ-ਟੋਕ ਦੇ ਬਿਨਾਂ ਵੀਜ਼ਾ ਤੇ ਬਿਨਾਂ ਪਾਸਪੋਰਟ ਜਾ ਸਕਣ। ਮੰਗ ਪੱਤਰ ਦੇ ਵਿਚ ਕਿਹਾ ਗਿਆ ਹੈ ਕਿ ''ਪੂਰੀ ਮਨੁੱਖਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਗਲੇ ਸਾਲ 550ਵਾਂ ਪ੍ਰਕਾਸ਼ ਦਿਵਸ ਮਨਾ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪੂਰੀ ਦੁਨੀਆ ਨੂੰ ਸ਼ਾਂਤੀ ਦਾ ਰਾਹ ਦੱਸਣ ਵਾਲੇ ਰਹਿਬਰ ਸਨ ਅਤੇ ਉਨ੍ਹਾਂ ਦੇ ਧਾਰਮਿਕ ਸਥਾਨ ਉਤੇ ਸ਼ਰਧਾਲੂਆਂ ਨੂੰ ਬਿਨਾਂ ਸ਼ਰਤ ਆਣ-ਜਾਣ ਦੀ ਆਗਿਆ ਦੇਣਾ ਪਾਕਿਸਤਾਨ ਸਰਕਾਰ ਦੀ ਮਨੁੱਖਤਾ ਪ੍ਰਤੀ ਇਕ ਹੋਰ ਵੱਡੀ ਪ੍ਰਾਪਤੀ ਹੋਵੇਗੀ।'' ਮੰਗ ਪੱਤਰ ਦੇ ਵਿਚ ਲਿਖਿਆ ਗਿਆ ਹੈ ਕਿ ''ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਣਗਿਣਤ ਸ਼ਰਧਾਲੂ ਭਾਰਤ ਤੋਂ ਬਾਹਰ ਵਸਦੇ ਹਨ ਅਤੇ ਵਿਦੇਸ਼ੀ ਨਾਗਰਿਕ ਹਨ। ਨਿਊਜ਼ੀਲੈਂਡ ਤੋਂ ਪਾਕਿਸਤਾਨ ਗਏ ਲੋਕਾਂ ਦਾ ਪਿਛਲਾ ਤਜ਼ਰਬਾ ਦਸਦਾ ਹੈ ਕਿ ਮੌਜੂਦਾ ਸਮੇਂ ਦੇ ਵਿਚ ਪਾਕਿਸਤਾਨ ਦਾ ਵੀਜ਼ਾ ਲੈਣ ਨੂੰ 10 ਮਹੀਨੇ ਤੱਕ ਦਾ ਸਮਾਂ ਤੱਕ ਲੱਗ ਜਾਂਦਾ ਹੈ ਸੋ ਬੇਨਤੀ ਹੈ ਕਿ ਸ੍ਰੀ ਨਨਕਾਣਾ ਸਾਹਿਬ ਜਾਣ ਵਾਲਿਆਂ ਨੂੰ ਵੀਜ਼ਾ ਰਹਿਤ ਦਾਖਲਾ ਦਿੱਤਾ ਜਾਵੇ।'' ਮੰਗ ਪੱਤਰ ਦੇਣ ਵੇਲੇ ਸੁਪਰੀਮ ਸਿੱਖ ਸੁਸਾਇਟੀ ਦੇ ਪ੍ਰਧਾਨ ਸ. ਰਣਵੀਰ ਸਿੰਘ ਲਾਲੀ ਵੀ ਹਾਜ਼ਿਰ ਸਨ।

ਮੰਗ ਪੱਤਰ ਦੇ ਵਿਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਸਿੱਖ ਸੰਗਤ ਉਟਾਹੂਹੂ, ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ, ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਐਵਨਡੇਲ, ਗੁਰਦੁਆਰਾ ਸਾਹਿਬ ਨਾਰਥ ਸ਼ੋਰ, ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ, ਗੁਰਦੁਆਰਾ ਸਾਹਿਬ ਪਾਲਮਰਸਨ ਨਾਰਥ, ਗੁਰਦੁਆਰਾ ਸਾਹਿਬ ਵਲਿੰਗਟਨ, ਗੁਰਦੁਆਰਾ ਸਾਹਿਬ ਕ੍ਰਾਈਸਟਚਰਚ, ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟੌਰੰਗਾ, ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨਿਊਲਿਨ, ਗੁਰਦੁਆਰਾ ਨਾਨਕਸਰ ਠਾਠ ਮੈਨੁਰੇਵਾ ਅਤੇ ਏਕਤਾ ਨਿਊਜ਼ੀਲੈਂਡ ਵੱਲੋਂ ਇਸ ਮੰਗ ਪੱਤਰ ਦਾ ਸਮਰਥਨ ਸ਼ਾਮਿਲ ਕੀਤਾ ਗਿਆ ਹੈ।

# ਕਾਰੀਡੋਰ ਨੂੰ ਵੀਜ਼ਾ ਪ੍ਰਣਾਲੀ ਤੋਂ ਮੁਕਤ ਰੱਖਣ ਦੀ ਉੱਠੀ ਮੰਗ

***ਵਿਸ਼ਵ ਸਿੱਖ ਭਾਈਚਾਰਾ ਆਪਣੇ ਪੱਧਰ ਤੇ ਕਰੇ ਉਪਰਾਲੇ: ਭਾਈ ਸਖੀਰਾ**


ਭਾਈ ਜਰਨੈਲ ਸਿੰਘ ਸਖੀਰਾ


ਭਾਰਤ-ਪਾਕਿ ਸਰਕਾਰਾਂ ਦੇ ਵੱਲੋਂ ਪਾਕਿ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਦਿਦਾਰੇ ਕਰਨ ਲਈ ਦੋਵਾਂ ਦੇਸ਼ਾਂ ਦੇ ਸਿੱਖ ਤੇ ਗ਼ੈਰ ਸਿੱਖ ਸ਼ਰਧਾਲੂਆਂ ਦੇ ਲਈ ਬਣਾਏ ਜਾ ਰਹੇ ਸਾਂਝੇ ਕੋਰੀਡੋਰ ਤੇ ਆਪਣਾ ਪ੍ਰਤੀਕ੍ਰਮ ਜਾਹਿਰ ਕਰਦਿਆਂ ਸੰਨ 2015 ਦੇ ਸਰਬੱਤ ਖਾਲਸਾ ਸੰਮੇਲਨ ਦੇ ਮੁੱਖ ਆਯੋਜਨ ਕਰਤਾ ਭਾਈ ਜਰਨੈਲ ਸਿੰਘ ਸਖੀਰਾ ਨੇ ਕਿਹਾ ਕਿ ਕਰਤਾਰਪੁਰ ਦੇ ਸਾਂਝੇ ਲਾਂਘੇ ਨੂੰ ਲੈ ਕੇ ਕੀਤੇ ਜਾ ਰਹੇ ਯਤਨ ਬੇਮਿਸਾਲ ਹਨ। ਪਰ ਇਹ ਸੱਭ ਕੁੱਝ ਵੀਜਾ ਪ੍ਰਣਾਲੀ ਤੋਂ ਰਹਿਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵੀਜਾ ਪ੍ਰਣਾਲੀ ਨਾਲ ਸ਼ਰਧਾਲੂਆਂ ਦੀ ਗਿਣਤੀ ਸੀਮਿਤ ਹੋ ਕੇ ਰਹਿ ਜਾਵੇਗੀ ਤੇ ਭਾਰਤ ਦੇ ਆਰਥਿਕ ਮੰਦਹਾਲੀ ਤੇ ਤੰਗੀਆ-ਤੁਰਸ਼ੀਆਂ ਦੇ ਦੌਰ ਵਿੱਚੋਂ ਗੁਜ਼ਰ ਰਹੇ ਸ਼ਰਧਾਲੂ ਸਿੱਖ ਪਹਿਲਾਂ ਦੀ ਤਰ੍ਹਾਂ ਵਾਂਝੇ ਹੋ ਕੇ ਰਹਿ ਜਾਣੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵੱਲੋਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਮਾਮਲੇ ਤੇ ਸਾਂਝੀ ਆਮ ਸਹਿਮਤੀ ਬਣਾਉਣ ਲਈ ਯੂ.ਐਨ.ਓ. ਨੂੰ ਪੱਤਰ ਲਿਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਦਰਸ਼ਨ ਦਿਦਾਰੇ ਕਰਨ ਵਾਲੇ ਸ਼ਰਧਾਲੂਆਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਤੇ ਸੁਰੱਖਿਆ ਏਜੰਸੀਆਂ ਨੂੰ ਇੱਕ ਸਾਂਝੀ ਰਣਨੀਤੀ ਤਹਿਤ ਕੰਮ ਕਰਨਾ ਹੋਵੇਗਾ ਤੇ ਸਮਾਂ ਸਾਰਣੀ ਵੀ ਬਣਾਉਣੀ ਪਵੇਗੀ। ਪਰ ਜੇ ਵੀਜਾ ਪ੍ਰਣਾਲੀ ਰਾਹੀਂ ਹੀ ਦਰਸ਼ਨ ਦੀਦਾਰੇ ਸੰਭਵ ਹੋਣਗੇ ਤਾਂ ਫਿਰ ਕਾਰੀਡੋਰ ਬਣਾਉਣ ਦਾ ਕੋਈ ਖਾਸ ਲਾਭ ਨਹੀਂ ਹੋਵੇਗਾ। ਭਾਈ ਜਰਨੈਲ ਸਿੰਘ ਸਖੀਰਾ ਨੇ ਕਿਹਾ ਕਿ ਬਿਨ੍ਹਾਂ ਵੀਜਾ ਪ੍ਰਣਾਲੀ ਦੇ ਕਾਰੀਡੋਰ ਰਾਹੀਂ ਆਵਾਜਾਈ ਸਰਲ ਹੋਣ ਨਾਲ ਪਾਕਿ ਵਾਲੇ ਪਾਸੇ ਕਰਤਾਰਪੁਰ ਸਾਹਿਬ ਤੇ ਭਾਰਤ ਵਾਲੇ ਪਾਸੇ ਡੇਰਾ ਬਾਬਾ ਨਾਨਕ ਵਰਗੇ ਕਸਬਿਆਂ ਦੀ ਅਹਿਮੀਅਤ ਵੱਧ ਜਾਵੇਗੀ। ਰੋਜ਼ਗਾਰ ਦੇ ਮੌਕੇ ਮੁਹੱਈਆ ਹੋਣਗੇ ਤੇ ਦੋਵੇ ਪਾਸੇ ਸੰਘਣੀ ਵਸੋਂ ਵਾਲੇ ਦੋ ਨਵੇਂ ਸ਼ਹਿਰਾਂ ਦਾ ਵਸੇਬਾ ਹੋ ਜਾਵੇਗਾ। ਉਨ੍ਹਾਂ ਇਸ ਮਾਮਲੇ ਤੇ ਪਿੱਛਲੇ ਕਈ ਵਰ੍ਹਿਆਂ ਤੋਂ ਅਰਦਾਸਾਂ ਤੇ ਹੋਰਨਾਂ ਸਾਧਨਾ ਰਾਹੀਂ ਲੱਗੀਆਂ ਸਿੱਖ ਸੰਗਤਾ ਤੇ ਅਹੁੱਦੇਦਾਰਾਂ ਦਾ ਧੰਨਵਾਦ ਕਰਦਿਆਂ ਇਹ ਵੀ ਮੰਗ ਕੀਤੀ ਕਿ ਕਾਰੀਡੋਰ ਦੇ ਨਿਰਮਾਣ ਕਾਰਜ਼ਾਂ ਦੇ ਵਿੱਚ ਕਾਰਸੇਵਾ ਬਿਰਤੀ ਵਾਲੇ ਸਿੱਖ ਸ਼ਰਧਾਲੂਆਂ ਦੀ ਸੇਵਾ ਵੀ ਲੈਣੀ ਚਾਹੀਦੀ ਹੈ। ਉਨ੍ਹਾਂ ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਪੰਜਾਬ ਦੇ ਕੈਬਨਿਟ ਮੰਤਰੀ ਕ੍ਰਿਕੇਟਰ ਨਵਜੋਤ ਸਿੰਘ ਸਿੱਧੂ ਦੀ ਪਹਿਲ ਕਦਮੀ ਦੀ ਭਰਪੂਰ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਜੋ ਕੰਮ ਦੇਸ਼ ਦੀ ਆਜ਼ਾਦੀ ਦੇ 70 ਵਰ੍ਹਿਆਂ ਦੌਰਾਨ ਦੋਵਾਂ ਦੇਸ਼ਾਂ ਦਾ ਕੋਈ ਨੇਤਾ ਨਹੀਂ ਕਰ ਸਕਿਆ ਉਹ ਦੋ ਖਿਡਾਰੀਆਂ ਨੇ ਕਰ ਦਿਖਾਇਆ ਹੈ। ਉਨ੍ਹਾਂ ਵਿਸ਼ਵ ਭਰ ਦੇ ਸਿੱਖ ਸ਼ਰਧਾਲੂਆਂ ਨੂੰ ਕਾਰੀਡੋਰ ਲਾਂਘੇ ਨੂੰ ਵੀਜਾ ਪ੍ਰਣਾਲੀ ਤੋਂ ਮੁਕਤ ਰੱਖਣ ਲਈ ਆਪਣੇ ਪੱਧਰ ਤੇ ਉਪਰਾਲੇ ਕਰਨ ਦੀ ਅਪੀਲ ਵੀ ਕੀਤੀ।

## ਸ਼ੋਕ ਸਮਾਚਾਰ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਜੈ ਕਿ ਸਵਰਗੀ ਸਰਦਾਰ ਸ਼ੇਰ ਸਿੰਘ ਦਾ ਪੋਤਾ, ਜਗਦੀਪ ਸਿੰਘ ਗਰੇਵਾਲ ਇਸ ਫਾਨੀ ਸੰਸਾਰ ਨੂੰ ਅਚਾਨਕ ਅਲਵਿਦਾ ਕਹਿ ਗਿਆ ਹੈ। ਇਨ੍ਹਾਂ ਦੀਆਂ ਅੰਤਿਮ ਰਸਮਾਂ 1 ਦਸੰਬਰ ਨੂੰ brampton crematorium and visitationcentre, 30 BramwinCt, Brampton, ON L6T 5G2 ਵਿਖੇ ਸਵੇਰੇ 11 ਵਜੇ ਤੋਂ ਸ਼ਾਮ 1 ਵਜੇ ਤੱਕ ਅਤੇ ਅੰਤਮ ਅਰਦਾਸ ਗੁਰੂਦੁਆਰਾ ਸ੍ਰੀ ਜੋਤ ਪ੍ਰਕਾਸ਼ ਸਾਹਿਬ ਵਿਖੇ ਨੂੰ ਸ਼ਾਮ 2 ਵਜੇ ਤੋਂ 4 ਵਜੇ 135Sun pac Blvd, Brampton, ON L6S 5ZR ਵਿਖੇ ਹੋਵੇਗੀ। ਘਰੇਵਾਲ ਪਰਿਵਾਰ ਦੇ ਦੁਖ ਵਿੱਚ ਸਰੀਕ ਹੋਣ ਲਈ ਹੇਠ ਲਿਖੇ ਨੰਬਰ 'ਤੇਸੰਪਰਕ ਕੀਤਾ ਜਾ ਸਕਦਾ ਹੈ। (289) 341-0054Village mullanpurDakhajodhan wale

## ਸਰਪੰਚ ਗੁਰਮੀਤ ਸਿੰਘ ਗਿੱਲ ਦਾ ਅੰਤਿਮ ਸੰਸਕਾਰ 1 ਦਸੰਬਰ ਨੂੰ



ਬਰੈਂਪਟਨ ਪੋਸਟ ਬਿਊਰੋ: ਬੀਤੇ ਦਿਨੀਂ ਅਕਾਲ ਚਲਾਣਾ ਕਰ ਜਾਣ ਵਾਲੇ ਪਿੰਡ ਮਾਂਗਟ ਜਿਲਾ ਲੁਧਿਆਣਾ ਨਾਲ ਸਬੰਧਿਤ ਬਰੈਂਪਟਨ ਵਾਸੀ ਸਰਪੰਚ ਗੁਰਮੀਤ ਸਿੰਘ ਗਿੱਲ ਦਾ ਅੰਤਮ ਸੰਸਕਾਰ 1 ਦਸੰਬਰ ਦਿਨ ਸ਼ਨਿਚਰਵਾਰ ਨੂੰ ਕੀਤਾ ਜਾਵੇਗਾ। ਪਰਿਵਾਰ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ 23-24 ਸਾਲ ਪਹਿਲਾਂ ਕੈਨੇਡਾ ਆਏ ਗੁਰਮੀਤ ਸਿੰਘ ਗਿੱਲ ਪਿਛਲੇ ਇਕ ਡੇਢ ਮਹੀਨੇ ਤੋਂ ਲੰਬੀ ਆਯੂ ਦੀ ਅਵਸਥਾ ਕਾਰਣ ਢਿੱਲੇ ਸਨ ਅਤੇ ਚਾਰ ਕੁ ਦਿਨ ਹਸਪਤਾਲ ਵਿਚ ਦਾਖ਼ਲ ਰਹਿਣ ਤੋਂ ਬਾਅਦ ਸਵਰਗ ਸਿਧਾਰ ਗਏ। ਗੁਰਮੀਤ ਸਿੰਘ ਗਿੱਲ ਅੰਤਮ ਸੰਸਕਾਰ ਬਰੈਂਪਟਨ ਵਿਚ 30 ਬਰੈਮਵਿਨ ਕੋਰਟ ਉੱਤੇ ਸਥਿਤ ਬਰੈਂਪਟਨ ਕਰੇਮੇਟੋਰੀਅਮ ਅਤੇ ਵਿਜ਼ੀਟੇਸ਼ਨ ਸੈਂਟਰ ਵਿਖੇ ਦੁਪਹਿਰ 12 ਵਜੇ ਤੋਂ 2 ਵਜੇ ਤਕ ਹੋਵੇਗਾ। ਵਧੇਰੇ ਜਾਣਕਾਰੀ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਮਰਜੀਤ ਸਿੰਘ ਗਿੱਲ (ਬੇਟਾ) 647-995-1324 ਜਾਂ ਭਤੀਜੇ ਪਰਮ ਗਿੱਲ 647-270-7276 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਕੰਦੋਲਾ ਦੇ ਜੋਗਿੰਦਰ ਪਾਲ ਦਾ ਬਿਜਲੀ ਬਿੱਲ! ਤੌਬਾ, ਤੌਬਾ!

ਆਦਮਪੁਰ ਦੋਆਬਾ, 29 ਨਵੰਬਰ (ਪੋਸਟ ਬਿਊਰੋ)- ਪਿੰਡ ਕੰਦੋਲਾ ਵਾਸੀ ਜੋਗਿੰਦਰ ਪਾਲ ਬਿਜਲੀ ਦਾ ਬਿੱਲ 51170 ਰੁਪਏ ਆਉਣ ਕਾਰਨ ਪ੍ਰੇਸ਼ਾਨ ਹੈ। ਉਸ ਨੇ ਦੱਸਿਆ ਕਿ ਉਸ ਦਾ ਬਿੱਲ ਪੰਜਾਬ ਸਰਕਾਰ ਦੀ ਸਕੀਮ ਤਹਿਤ ਮੁਆਫ ਹੈ। ਇਸ ਵਾਰ ਉਸ ਦੇ ਘਰ 14 ਸਤੰਬਰ ਤੋਂ 17 ਨਵੰਬਰ 2018 ਤੱਕ ਦਾ ਬਿਜਲੀ ਦਾ ਬਿੱਲ 51170 ਰੁਪਏ ਆ ਗਿਆ। ਜੋਗਿੰਦਰ ਪਾਲ ਨੇ ਦੱਸਿਆ ਕਿ ਪਹਿਲਾਂ ਮੀਟਰ ਰੀਡਿੰਗ 318 ਸੀ ਅਤੇ ਅਚਾਨਕ 6507 ਯੂਨਿਟ ਹੋ ਗਈ।

# ਬਰਗਾੜੀ-ਬਹਿਬਲ ਕਲਾਂ ਐਸ ਆਈ ਟੀ ਵੱਲੋਂ ਸੀਨੀਅਰ ਆਈ ਏ ਐਸ ਅਫਸਰ ਤੋਂ ਪੁੱਛਗਿੱਛ

*** ਬਾਦਲਾਂ ਦੇ ਨੇੜੂ ਕਹੇ ਜਾਂਦੇ ਹਨ ਅਫਸਰ ਗਗਨਦੀਪ ਬਰਾੜ**

*** ਹਰਬੰਸ ਸਿੰਘ ਜਲਾਲ ਤੇ ਜਸਕਰਨ ਸਿੰਘ ਵੀ ਜਾਂਚ ਟੀਮ ਅੱਗੇ ਪੇਸ਼**

ਚੰਡੀਗੜ੍ਹ, 29 ਨਵੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਕਰ ਰਹੀ ਪੰਜਾਬ ਪੁਲੀਸ ਦੀ ਵਿਸ਼ੇਸ਼ ਟੀਮ ਨੇ ਆਈ ਏ ਐਸ ਅਫ਼ਸਰ ਗਗਨਦੀਪ ਸਿੰਘ ਬਰਾੜ ਤੋਂ ਵੀ ਪੁੱਛਗਿੱਛ ਕੀਤੀ ਹੈ।

ਇਸ ਵਿਸ਼ੇਸ਼ ਜਾਂਚ ਲਈ ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ ਟੀਮ ਨੇ ਚੰਡੀਗੜ੍ਹ ਵਿੱਚ ਪੰਜਾਬ ਆਰਮਡ ਪੁਲੀਸ ਦੀ 82ਵੀਂ ਬਟਾਲੀਅਨ ਦੀ ਜੀ ਓ ਮੈੱਸ (ਗਜ਼ਟਿਡ ਆਫੀਸਰਜ਼ ਮੈੱਸ) ਵਿੱਚ ਗਗਨਦੀਪ ਸਿੰਘ ਬਰਾੜ ਕੋਲੋਂ ਪੁੱਛਗਿੱਛ ਕੀਤੀ ਤੇ ਇਸ ਮੌਕੇ ਉਸ ਤੋਂ ਕੋਟਕਪੂਰਾ ਗੋਲੀ ਕਾਂਡ ਸਮੇਂ ਉਸ ਵੇਲੇ ਦੇ ਮੁੱਖ ਮੰਤਰੀ ਅਤੇ ਪੰਜਾਬ ਪੁਲਸ ਦੇ ਮੁਖੀ ਸੁਮੇਧ ਸਿੰਘ ਸੈਣੀ ਨਾਲ ਤਾਲਮੇਲ ਅਤੇ ਕੋਟਕਪੂਰਾ ਦੇ ਓਦੋਂ ਦੇ ਵਿਧਾਇਕ ਮਨਤਾਰ ਸਿੰਘ ਬਰਾੜ ਨਾਲ ਹੋਈ ਗੱਲਬਾਤ ਸਬੰਧੀ ਸਵਾਲ ਕੀਤੇ। ਗਗਨਦੀਪ ਸਿੰਘ ਬਰਾੜ ਨੂੰ ਬਾਦਲ ਪਰਿਵਾਰ ਦੇ ਕਰੀਬੀਆਂ ਵਿੱਚ ਗਿਣਿਆ ਜਾਂਦਾ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿੱਚ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਦੌਰਾਨ ਗਗਨਦੀਪ ਸਿੰਘ ਬਰਾੜ ਦਾ ਨਾਮ ਆਇਆ ਸੀ। ਕਮਿਸ਼ਨ ਦੀ ਰਿਪੋਰਟ ਵਿੱਚ ਲਿਖਿਆ ਹੈ ਕਿ ਗਗਨਦੀਪ ਸਿੰਘ ਬਰਾੜ ਨੇ ਮਨਤਾਰ ਸਿੰਘ ਬਰਾੜ ਨਾਲ ਗੱਲਬਾਤ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਅਤੇ ਸੁਮੇਧ ਸਿੰਘ ਸੈਣੀ ਦੀ ਗੱਲ ਕਰਾਈ ਤੇ ਉਸ ਤੋਂ ਬਾਅਦ ਗੋਲੀ ਕਾਂਡ ਹੋਇਆ ਸੀ।

ਇਸ ਦੌਰਾਨ ਅੱਜ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਤਲਵੰਡੀ ਸਾਬੋ ਦੇ ਸਾਬਕਾ ਵਿਧਾਇਕ ਹਰਬੰਸ ਸਿੰਘ ਜਲਾਲ ਵੀ ਬੇਅਦਬੀ ਕਾਂਡ ਦੀ ਵਿਸ਼ੇਸ਼ ਜਾਂਚ ਟੀਮ ਕੋਲ ਪੇਸ਼ ਹੋਏ। ਹਰਬੰਸ ਸਿੰਘ ਜਲਾਲ ਨੇ ਹੀ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਫ਼ਿਲਮ ਐਕਟਰ ਅਕਸ਼ੈ ਕੁਮਾਰ ਦੀ ਮਿਲਣੀ ਵਾਲਾ ਦਾਅਵਾ ਕੀਤਾ ਸੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਅਕਸ਼ੈ ਕੁਮਾਰ ਤੋਂ ਬਾਅਦ ਇਨ੍ਹਾਂ ਦੋਵਾਂ ਆਗੂਆਂ ਨੂੰ ਬਿਆਨ ਦੇਣ ਲਈ ਸੱਦਿਆ ਗਿਆ ਸੀ। ਜਾਂਚ ਟੀਮ ਦੇ ਸਾਹਮਣੇ ਹਾਲੇ ਤੱਕ 50 ਪੁਲੀਸ ਮੁਲਾਜ਼ਮ ਤੇ ਅਧਿਕਾਰੀ ਅਤੇ ਇੰਨੇ ਕੁ ਗਵਾਹ ਬਿਆਨ ਦੇ ਚੁੱਕੇ ਹਨ। ਹਰਬੰਸ ਸਿੰਘ ਜਲਾਲ ਨੇ ਕਿਹਾ ਕਿ ਉਨ੍ਹਾਂ ਨੇ ਵਿਸ਼ੇਸ਼ ਜਾਂਚ ਟੀਮ ਸਾਹਮਣੇ ਪੇਸ਼ ਹੋ ਕੇ ਅੱਜ ਉਹ ਸਭ ਗੱਲਾਂ ਦੱਸੀਆਂ ਹਨ, ਜੋ ਪਹਿਲੇ ਬਿਆਨ ਵਿਚ ਨਹੀਂ ਸਨ। ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਅੱਜ ਵਿਸ਼ੇਸ਼ ਜਾਂਚ ਟੀਮ ਦੇ ਕੋਲ ਦਾਅਵਾ ਕੀਤਾ ਕਿ ਬੇਅਦਬੀ ਕਰਨ ਵਾਲਿਆਂ ਦੇ ਖ਼ਿਲਾਫ਼ ਜਾਣ-ਬੁੱਝ ਕੇ ਕਾਰਵਾਈ ਨਹੀਂ ਸੀ ਕੀਤੀ ਗਈ।

# ਇਮਰਾਨ ਨੇ ਕਿਹਾ: ਮੈਂ ਪ੍ਰਧਾਨ ਮੰਤਰੀ ਮੋਦੀ ਨਾਲ ਗੱਲਬਾਤ ਕਰਨ ਨੂੰ ਤਿਆਰ ਹਾਂ

ਇਸਲਾਮਾਬਾਦ, 29 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅੱਜ ਵੀਰਵਾਰ ਨੂੰ ਕਿਹਾ ਕਿ ਉਹ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਦੇਸ਼ੋਂ ਬਾਹਰ ਅੱਤਵਾਦ ਫੈਲਾਉਣ ਲਈ ਪਾਕਿਸਤਾਨ ਦੀ ਜ਼ਮੀਨ ਦੀ ਵਰਤੋਂ ਕਰਨ ਦੇਣਾ ਸਾਡੇ ਹਿੱਤ 'ਚ ਨਹੀਂ ਹੈ। ਵਰਨਣ ਯੋਗ ਹੈ ਕਿ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਸਾਫ ਕਿਹਾ ਸੀ ਕਿ ਜਦੋਂ ਤੱਕ ਸਰਹੱਦ ਪਾਰ ਤੋਂ ਅੱਤਵਾਦੀ ਗਤੀਵਿਧੀਆਂ ਬੰਦ ਨਹੀਂ ਹੁੰਦੀਆਂ, ਉਦੋਂ ਤੱਕ ਪਾਕਿਸਤਾਨ ਨਾਲ ਗੱਲਬਾਤ ਦੀ ਸੰਭਾਵਨਾ ਨਹੀਂ। ਖਾਨ ਨੇ ਭਾਰਤੀ ਪੱਤਰਕਾਰਾਂ ਦੇ ਇਕ ਗਰੁੱਪ ਨਾਲ ਗੱਲਬਾਤ ਦੌਰਾਨ ਕਿਹਾ ਕਿ ਬਾਹਰ ਅੱਤਵਾਦ ਫੈਲਾਉਣ ਲਈ ਪਾਕਿਸਤਾਨ ਦੀ ਜ਼ਮੀਨ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣਾ ਸਾਡੇ ਹਿੱਤ ਵਿੱਚ ਨਹੀਂ।

ਅੱਜ ਵੀਰਵਾਰ ਨੂੰ ਆਪਣੀ ਸਰਕਾਰ ਦੇ 100 ਦਿਨ ਪੂਰੇ ਹੋਣ ਦਾ ਜਸ਼ਨ ਮਨਾ ਰਹੇ ਇਮਰਾਨ ਖਾਨ ਨੇ ਕਿਹਾ ਕਿ ਪਾਕਿਸਤਾਨ ਦੇ ਲੋਕ ਭਾਰਤ ਨਾਲ ਅਮਨ ਚਾਹੁੰਦੇ ਹਨ ਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨ 'ਚ ਖੁਸ਼ੀ ਹੋਵੇਗੀ। ਉਨ੍ਹਾਂ ਕਿਹਾ ਕਿ ਸਾਡੇ ਲੋਕਾਂ ਦੀ ਮਾਨਸਿਕਤਾ ਬਦਲ ਚੁੱਕੀ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਕਸ਼ਮੀਰ ਮੁੱਦੇ ਦਾ ਹੱਲ ਸੰਭਵ ਹੈ ਤਾਂ ਇਮਰਾਨ ਖਾਨ ਨੇ ਕਿਹਾ, 'ਕੁਝ ਵੀ ਮੁਸ਼ਕਿਲ ਨਹੀਂ, ਮੈਂ ਹਰ ਮੁੱਦੇ ਉੱਤੇ ਗੱਲਬਾਤ ਲਈ ਤਿਆਰ ਹਾਂ। ਕਸ਼ਮੀਰ ਦਾ ਹੱਲ ਫੌਜੀ ਤਰੀਕੇ ਨਾਲ ਨਹੀਂ ਹੋ ਸਕਦਾ।' ਭਾਰਤ ਵਿਚ ਹੋਏ ਮੁੰਬਈ ਹਮਲੇ ਦੇ ਦੋਸ਼ੀਆਂ ਹਾਫਿਜ਼ ਸਈਦ ਤੇ ਮੋਸਟ ਵਾਂਟਿਡ ਅੱਤਵਾਦੀ ਦਾਊਦ ਇਬਰਾਹਿਮ ਬਾਰੇ ਪੁੱਛੇ ਜਾਣ 'ਤੇ ਇਮਰਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਇਹ ਮਸਲੇ ਵਿਰਾਸਤ ਵਿਚ ਮਿਲੇ ਹਨ। ਉਨ੍ਹਾਂ ਕਿਹਾ ਕਿ ਬੀਤੇ ਲਈ ਮੈਨੂੰ ਜ਼ਿੰਮੇਵਾਰ ਨਹੀਂ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹਾਫਿਜ਼ ਸਈਦ 'ਤੇ ਯੂ ਐੱਨ ਓ ਨੇ ਪਾਬੰਦੀ ਲਾਈ ਹੋਈ ਹੈ। ਦਾਊਦ ਇਬਰਾਹਿਮ ਬਾਰੇ ਇਮਰਾਨ ਨੇ ਕਿਹਾ ਕਿ ਅਸੀਂ ਬੀਤੇ ਸਮੇਂ ਵਿਚ ਨਹੀਂ ਰਹਿ ਸਕਦੇ।











# ਸੰਪਾਦਕੀ

## ਨਫ਼ਰਤ ਦੀਆਂ ਵਾਰਦਾਤਾਂ ਵਿੱਚ ਵਾਧਾ ਅਤੇ ਫੈਡਰਲ ਸਰਕਾਰ ਦੀ ਪਹੁੰਚ

ਕੈਨੇਡਾ ਦੇ ਅੰਕੜਾ ਵਿਭਾਗ ਵੱਲੋਂ ਜਾਰੀ ਜਾਣਕਾਰੀ ਮੁਤਾਬਕ ਕੈਨੇਡਾ ਵਿੱਚ ਨਫ਼ਰਤ ਨਾਲ ਜੁੜੀਆਂ ਜੁਰਮ ਦੀਆਂ ਵਾਰਦਾਤਾਂ ਵਿੱਚ 2016 ਦੇ ਮੁਕਾਬਲੇ 2017 ਵਿੱਚ ਕਾਫ਼ੀ ਵਾਧਾ ਦਰਜ ਕੀਤਾ ਗਿਆ ਹੈ। ਅੰਕੜੇ ਦੱਸਦੇ ਹਨ ਕਿ ਕਾਲੇ ਭਾਈਚਾਰੇ ਦੇ ਲੋਕ, ਯਹੂਦੀ ਅਤੇ ਮੁਸਲਮਾਨ ਇਸ ਜੁਰਮ ਦਾ ਵੱਧ ਗਿਣਤੀ ਵਿੱਚ ਸ਼ਿਕਾਰ ਬਣੇ ਹਨ। ਕੁੱਲ ਮਿਲਾ ਕੇ ਸਾਲ 2017 ਵਿੱਚ ਨਫ਼ਤਰ ਦੀ ਭਾਵਨਾ ਨਾਲ ਕੀਤੀਆਂ ਜੁਰਮ ਦੀਆਂ 2073 ਵਾਰਦਾਤਾਂ ਵਾਪਰੀਆਂ ਜੋ ਕਿ 2016 ਵਿੱਚ ਹੋਈਆਂ ਵਾਰਦਾਤਾਂ ਨਾਲੋਂ 664 ਵੱਧ ਸੀ। ਇਹ ਵਾਰਦਾਤਾਂ ਜ਼ਿਆਦਾਤਰ ਉਂਟੇਰੀਓ ਅਤੇ ਕਿਉਬਿੱਕ ਵਿੱਚ ਵਾਪਰੀਆਂ ਦੱਸੀਆਂ ਗਈਆਂ ਹਨ। ਚੇਤੇ ਰਹੇ ਕਿ ਇਹ ਵਾਰਦਾਤਾਂ ਉਹ ਹਨ ਜਿਹਨਾਂ ਦੀ ਪੁਲੀਸ ਕੋਲ ਸ਼ਿਕਾਇਤ ਦਰਜ਼ ਕਰਵਾਈ ਗਈ ਅਤੇ ਪੁਲੀਸ ਨੇ ਵਿਧੀਵਤ ਰੂਪ ਵਿੱਚ ਤਫ਼ਤੀਸ਼ ਕੀਤੀ।




ਵੈਸੇ ਅੰਕੜਾ ਵਿਭਾਗ ਨੇ 2014 ਤੋਂ ਬਾਅਦ ਨਫ਼ਤਰ ਤੋਂ ਪ੍ਰੇਰਿਤ ਜੁਰਮ ਦੀਆਂ ਘਟਨਾਵਾਂ ਬਾਰੇ ਇੱਕ ਵੱਡਾ ਸਰਵੇਖਣ ਕੀਤਾ ਸੀ। ਇਸ ਸਰਵੇਖਣ ਵਿੱਚ ਪਾਇਆ ਗਿਆ ਕਿ ਕੈਨੇਡਾ ਵਿੱਚ 3 ਲੱਖ 30 ਹਜ਼ਾਰ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਹਨਾਂ ਵਿੱਚ ਪੀੜਤ ਵਿਅਕਤੀ ਦਾ ਇਹ ਮੰਨਣਾ ਸੀ ਕਿ ਉਸ ਨਾਲ ਕਿਸੇ ਹੋਰ ਵਿਅਕਤੀ ਵੱਲੋਂ ਨਫ਼ਰਤ ਕੀਤੀ ਗਈ ਹੈ। ਇਸ ਸਾਲ ਵਰਲਡ ਸਿੱਖ ਆਰਗੇਨਾਈਜ਼ੇਨ ਨੇ ਸਿੱਖਾਂ ਦੇ ਅਕਸ ਬਾਰੇ ਪੈਦਾ ਹੋਏ ਭਰਮ ਭੁਲੇਖੇ ਦੂਰ ਕਰਨ ਲਈ #AskCanadianSikhs ਮੁਹਿੰਮ ਚਲਾਈ ਗਈ ਸੀ।

ਨਫ਼ਰਤ ਦੀਆਂ ਸੱਭ ਤੋਂ ਵੱਧ ਵਾਰਦਾਤਾਂ ਯਹੂਦੀਆਂ (18%), ਮੁਸਲਮਾਨਾਂ (17%) ਅਤੇ ਕਾਲੇ ਭਾਈਚਾਰੇ ਦੇ ਲੋਕਾਂ (16%) ਵਿਰੁੱਧ ਰਿਪੋਰਟ ਕੀਤੀਆਂ ਗਈਆਂ। ਬੇਸ਼ੱਕ ਮੁਸਲਾਮਾਨਾਂ ਵਿਰੁੱਧ ਪ੍ਰਤੀਸ਼ਤ ਵਾਧਾ ਸੱਭ ਤੋਂ ਵੱਧ ਰਿਪੋਰਟ ਕੀਤਾ ਗਿਆ ਪਰ ਨਫ਼ਤਰ ਦੀਆਂ ਕੁੱਲ ਘਟਨਾਵਾਂ ਦਾ ਸੱਭ ਤੋਂ ਵੱਧ ਸ਼ਿਕਾਰ ਯਹੂਦੀਆਂ ਨੂੰ ਹੋਣਾ ਪਿਆ। ਜਿਵੇਂ ਕਿ ਔਰਤਾਂ ਵਿਰੁੱਧ ਹਿੰਸਾ, ਸੈਕਸੁਅਲ ਅਸਾਲਟ ਆਦਿ ਦੇ ਜੁਰਮ ਦੇ ਕੇਸਾਂ ਵਿੱਚ ਹੁੰਦਾ ਹੈ, ਉਵੇਂ ਹੀ ਨਫ਼ਤਰ ਤੋਂ ਪ੍ਰੇਰਿਤ ਜੁਰਮ ਦੀਆਂ ਬਹੁ ਗਿਣਤੀ ਵਾਰਦਾਤਾਂ ਪੁਲੀਸ ਕੋਲ ਰਿਪੋਰਟ ਨਹੀਂ ਕੀਤੀਆਂ ਜਾਂਦੀਆਂ।

ਨਫ਼ਤਰ ਦੀਆਂ ਘਟਨਾਵਾਂ ਦਾ ਰਿਪੋਰਟ ਨਾ ਕੀਤੇ ਜਾਣ ਦਾ ਇੱਕ ਕਾਰਣ ਇਹ ਕਿ ਕ੍ਰਿਮੀਨਲ ਕੋਡ ਵਿੱਚ ਨਫ਼ਰਤ ਤੋਂ ਪ੍ਰੇਰਿਤ ਜੁਰਮ ਦੀ ਕੋਈ ਸਿੱਧੀ ਪ੍ਰੀਭਾਸ਼ਾ ਨਹੀਂ ਦਿੱਤੀ ਹੋਈ। ਪੁਲੀਸ ਨੂੰ ਵਾਰਦਾਤ ਹੋਣ ਤੋਂ ਬਾਅਦ ਤਫ਼ਤੀਸ਼ ਕਰਕੇ ਤੈਅ ਕਰਨਾ ਹੁੰਦਾ ਹੈ ਕਿ ਕੀ ਕਿਸੇ ਵਿਅਕਤੀ ਨੂੰ 'Hate Crime' ਤਹਿਤ ਚਾਰਜ ਕੀਤਾ ਜਾਵੇ ਜਾਂ ਨਹੀਂ। ਮਿਸਾਲ ਵਜੋਂ ਜੇ ਕੋਈ ਵਿਅਕਤੀ ਕਿਸੇ ਮੰਦਰ, ਗੁਰਦੁਆਰਾ ਸਾਹਿਬ ਜਾਂ ਚਰਚ ਵਿੱਚ ਦਾਖ਼ਲ ਹੋ ਕੇ ਧਾਰਮਿਕ ਚਿੰਨਾਂ ਨੂੰ ਨੁਕਸਾਨ ਪਹੁੰਚਾਵੇ ਤਾਂ ਉਸਨੂੰ ਪੁਲੀਸ ਪਹਿਲਾਂ 'Mischief'ਭਾਵ ਸ਼ਰਾਰਤ ਲਈ ਚਾਰਜ ਕਰੇਗੀ। 'ਹੇਟ ਕਰਾਈਮ' ਦੇ ਚਾਰਜ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਵਿੱਚ ਲਾਏ ਵੀ ਜਾ ਸਕਦੇ ਹਨ ਅਤੇ ਨਹੀਂ ਵੀ।

ਕੈਨੇਡਾ ਵਿੱਚ ਪਿਛਲੇ ਸਾਲਾਂ ਦੌਰਾਨ ਹੋਰਾਂ ਗੁੱਟਾਂ ਦੇ ਨਾਲ 2 ਕੈਥੋਲਿਕ ਧਰਮ ਦੇ ਪੈਰੋਕਾਰਾਂ ਵਿਰੁੱਧ ਨਫ਼ਤਰ ਦੀਆਂ ਵਾਰਦਾਤਾਂ ਵਿੱਚ ਵਾਧਾ ਹੋਣਾ ਹੈਰਾਨੀ ਕਰਨ ਵਾਲਾ ਰੁਝਾਨ ਹੈ। ਯਹੂਦੀਆਂ, ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀ ਧਾਰਮਿਕ ਗੁੱਟਾਂ ਪ੍ਰਤੀ ਨਫ਼ਰਤ ਲਈ ਆਮ ਕਰਕੇ ਸਫੈਦ ਰੰਗ ਦੇ ਮੁੱਖ ਧਾਰਾ ਦੇ ਲੋਕਾਂ ਨੂੰ ਜੁੰਮੇਵਾਰ ਠਹਿਰਾਇਆ ਜਾਂਦਾ ਹੈ ਬੇਸ਼ੱਕ ਕੋਈ ਪੱਕੇ ਕੋਈ ਅੰਕੜੇ ਮੌਜਦੂ ਨਹੀਂ ਹਨ। ਸੁਆਲ ਹੈ ਕਿ ਕੈਥੋਲਿਕਾਂ ਪ੍ਰਤੀ ਨਫ਼ਰਤ ਕੌਣ ਕਰਦਾ ਹੈ? ਕੀ ਉਹ ਘੱਟ ਗਿਣਤੀ ਧਾਰਮਿਕ ਗਰੁੱਪਾਂ ਦੀ ਨਫ਼ਰਤ ਦਾ ਸ਼ਿਕਾਰ ਹੋ ਰਹੇ ਹਨ? ਇਸ ਪੱਖ ਨੂੰ ਧਿਆਨ ਵਿੱਚ ਰੱਖ ਕੇ ਅੰਕੜੇ ਪ੍ਰਾਪਤ ਕੀਤੇ ਜਾਣ ਦੀ ਲੋੜ ਹੈ ਕਿਉਂਕਿ ਸਮਸਿੱਆ ਦਾ ਹੱਲ ਕਿਸੇ ਇੱਕ ਗੁੱਟ ਨੂੰ ਨਿਰਦੋਸ਼ ਅਤੇ ਦੂਜੇ ਨੂੰ ਦੋਸ਼ੀ ਸਮਝ ਕੇ ਨਹੀਂ ਕੱਢਿਆ ਜਾ ਸਕਦਾ।

ਇਸ ਸਾਲ ਫੈਡਰਲ ਸਰਕਾਰ ਵੱਲੋਂ 'ਨਸਲਵਾਦ ਵਿਰੋਧੀ ਰਣਨੀਤੀ' ਤਿਆਰ ਕਰਨ ਲਈ 23 ਮਿਲੀਅਨ ਡਾਲਰ ਖਰਚੇ ਜਾ ਰਹੇ ਹਨ। ਹੈਰੀਟੇਜ ਮਹਿਕਮੇ ਦੇ ਮੰਤਰੀ ਪਾਬਲੋ ਰੋਡਰੀਗਜ਼ ਦੀ ਅਗਵਾਈ ਵਿੱਚ ਲੋਕਲ ਕਮਿਉਨਿਟੀ ਆਗੂਆਂ ਅਤੇ ਮਾਹਰਾਂ ਨਾਲ ਕੈਨੇਡਾ ਭਰ ਵਿੱਚ ਗੋਲਮੇਜ਼ ਮੁਲਾਕਾਤਾਂ ਕੀਤੀਆਂ ਜਾ ਰਹੀਆਂ ਹਨ। ਪਤਾ ਲੱਗਾ ਹੈ ਕਿ ਇੱਕ ਅਜਿਹੀ ਗੋਲਮੇਜ਼ ਬਰੈਂਪਟਨ ਵਿੱਚ ਵੀ ਹੋ ਚੁੱਕੀ ਹੈ। ਪਤਾ ਨਹੀਂ ਕਿਉਂ ਫੈਡਰਲ ਸਰਕਾਰ ਵੱਲੋਂ ਨਾ ਤਾਂ ਇਹਨਾਂ ਗੋਲਮੇਜ਼ ਮੁਲਾਕਾਤਾਂ ਬਾਰੇ ਮੀਡੀਆ ਵਿੱਚ ਚਰਚਾ ਨਹੀਂ ਕੀਤੀ ਜਾ ਰਹੀ। ਸਰਕਾਰ ਵੱਲੋਂ ਸੰਸਥਾਗਤ (systemic racism) ਨਸਲਵਾਦ ਨੂੰ ਕਬੂਲ ਵੀ ਨਹੀਂ ਕੀਤਾ ਜਾ ਰਿਹਾ।

ਹੈਰੀਟੇਜ ਮੰਤਰੀ ਰੋਡਰੀਗਜ਼ ਮੁਤਾਬਕ ਕੈਨੇਡਾ ਵਿੱਚ ਸੰਸਥਾਗਤ ਨਸਲਵਾਦ ਸ਼ਬਦ ਉਸਦੀ ਸ਼ਬਦਵਾਲੀ ਵਿੱਚ ਹੀ ਸ਼ਾਮਲ ਨਹੀਂ ਹੈ। ਮੰਤਰੀ ਮੁਤਾਬਕ ਕੈਨੇਡਾ ਵਿੱਚ ਨਸਲਵਾਦ ਵੀ ਮੌਜੂਦ ਨਹੀਂ ਹੈ। ਜੇ ਅਜਿਹਾ ਹੈ ਕਿ ਤਾਂ ਕੀ ਅੰਕੜਾ ਵਿਭਾਗ ਵੱਲੋਂ ਕੱਲ ਜਾਰੀ ਕੀਤੇ ਗਏ ਅੰਕੜੇ ਗਲਤ ਹਨ? ਅਤੇ ਕੀ ਸਰਕਾਰ ਦਾ 23 ਮਿਲੀਅਨ ਡਾਲਰ ਦੀ ਲਾਗਤ ਨਾਲ ਨਸਲਵਾਦ ਵਿਰੋਧੀ ਰਣਨੀਤੀ ਤਿਆਰ ਕਰਨਾ ਫਜ਼ੂਲਖਰਚ ਹੈ?


## ਪੰਚਾਇਤੀ ਸਮਝੌਤੇ ਨਾਲ ਕਾਨੂੰਨੀ ਹੱਕ ਖਤਮ ਨਹੀਂ ਹੁੰਦੇ: ਹਾਈ ਕੋਰਟ

ਚੰਡੀਗੜ੍ਹ, 29 ਨਵੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਰੇਲ ਗੱਡੀ 'ਚੋਂ ਡਿੱਗ ਕੇ ਇੱਕ ਵਿਅਕਤੀ ਦੀ ਮੌਤ ਤੋਂ ਬਾਅਦ ਮੁਆਵਜ਼ੇ ਦੇ ਕੇਸ ਵਿੱਚ ਫੈਸਲਾ ਸੁਣਾਉਂਦਿਆਂ ਸਪੱਸ਼ਟ ਕੀਤਾ ਕਿ ਪੰਚਾਇਤੀ ਸਮਝੌਤੇ ਨਾਲ ਕਾਨੂੰਨੀ ਹੱਕ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਹਾਈ ਕੋਰਟ ਨੇ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਰੇਲ ਹਾਦਸੇ 'ਤੇ ਸੁਣਵਾਈ ਕਰਦਿਆਂ ਰੇਲ ਹਾਦਸੇ ਵਿੱਚ ਮਾਰੇ ਗਏ ਜਵਾਨ ਦੀ ਪਤਨੀ ਨੂੰ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ ਹਨ। ਮਿਲੀ ਜਾਣਕਾਰੀ ਅਨੁਸਾਰ ਹਾਈ ਕੋਰਟ ਨੂੰ ਦੱਸਿਆ ਗਿਆ ਸੀ ਕਿ ਹਰਿਆਣਾ ਦੇ ਨਾਰਾਇਣਗੜ੍ਹ ਦੇ ਮ੍ਰਿਤਕ ਦੀ ਪਤਨੀ ਨੇ ਪੰਚਾਇਤੀ ਸਮਝੌਤਾ ਕੀਤਾ ਸੀ ਕਿ ਉਹ ਪਤੀ ਦੀ ਮੌਤ ਮਗਰੋਂ ਪੇਕੇ ਰਹਿਣਾ ਚਾਹੁੰਦੀ ਹੈ ਅਤੇ ਉਸ ਦਾ ਸਹੁਰੇ ਪਰਵਾਰ ਨਾਲ ਕੋਈ ਲੈਣਾ-ਦੇਣਾ ਨਹੀਂ ਹੋਵੇਗਾ। ਕੋਰਟ ਨੇ ਕਿਹਾ ਕਿ ਅਜਿਹੇ ਸਮਝੌਤੇ ਨਾਲ ਕਿਸੇ ਦਾ ਕਾਨੂੰਨੀ ਹੱਕ ਖਤਮ ਨਹੀਂ ਕੀਤਾ ਜਾ ਸਕਦਾ। ਪਤੀ ਦੀ ਮੌਤ ਕਾਰਨ ਪਤਨੀ ਨੂੰ ਘਰ ਛੱਡਣ ਵਾਸਤੇ ਮਜਬੂਰ ਹੋਣਾ ਪਿਆ ਤੇ ਇਸ ਤੋਂ ਉਸ ਦੀ ਜ਼ਿੰਦਗੀ ਵੀ ਪ੍ਰਭਾਵਤ ਹੋਈ, ਇਸ ਲਈ ਉਹ ਮੁਆਵਜ਼ੇ ਦੀ ਹੱਕਦਾਰ ਹੈ। ਮ੍ਰਿਤਕ ਦੇ ਮਾਪਿਆਂ ਨੇ ਪਟੀਸ਼ਨ ਰਾਹੀਂ ਰੇਲਵੇ ਕਲੇਮ ਟ੍ਰਿਬਿਊਨਲ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਨੇ ਮ੍ਰਿਤਕ ਦੀ ਜੇਬ ਵਿੱਚ ਟਿਕਟ ਨਾ ਮਿਲਣ ਕਾਰਨ ਉਸ ਨੂੰ ਸਵਾਰੀ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।




PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com


## ਵਾਤਾਵਰਣ ਨੂੰ ਬਚਾਉਣ ਲਈ ਓਨਟਾਰੀਓ ਸਰਕਾਰ ਨੇ ਪੇਸ਼ ਕੀਤੀ ਨਵੀਂ ਯੋਜਨਾ

...ਪੰਨਾ 1 ਦਾ ਬਾਕੀ

ਫਿਲਿਪ ਨੇ "ਪ੍ਰਿਜ਼ਰਵਿੰਗ ਐਂਡ ਪ੍ਰੋਟੈਕਟਿੰਗ ਆਰ ਐਨਵਾਇਰਮੈਂਟ ਫੌਰ ਫਿਊਚਰ ਜੈਨਰੇਸ਼ਨਜ਼ : ਅ ਮੇਡ ਇਨ ਓਨਟਾਰੀਓ ਐਨਵਾਇਰਮੈਂਟ ਪਲੈਨ" ਦਾ ਖੁਲਾਸਾ ਕਰਦਿਆਂ ਆਖਿਆ ਕਿ ਇਹ ਪਲੈਨ ਯਥਾਸਥਿਤੀ ਨੂੰ ਬਦਲਣ ਲਈ ਤਿਆਰ ਕੀਤਾ ਗਿਆ ਹੈ ਤੇ ਇਸ ਨਾਲ ਵਾਤਾਵਰਣ ਤੰਦਰੁਸਤ ਹੋਣ ਦੇ ਨਾਲ ਨਾਲ ਅਰਥਚਾਰਾ ਵੀ ਸਿਹਤਮੰਦ ਹੋਵੇਗਾ। ਉਨ੍ਹਾਂ ਆਖਿਆ ਕਿ ਸਾਡਾ ਪਲੈਨ ਵਿਅਕਤੀਆਂ, ਪਰਿਵਾਰਾਂ ਤੇ ਕਾਰੋਬਾਰੀਆਂ ਨੂੰ ਸਾਡੇ ਸਾਂਝੇ ਵਾਤਾਵਰਣ ਦੀ ਜ਼ਿੰਮੇਵਾਰੀ ਲੈਣ ਤੇ ਇਸ ਲਈ ਸਾਂਝੇ ਟੀਚਿਆਂ ਨੂੰ ਰਲ ਕੇ ਪੂਰਾ ਕਰਨ ਲਈ ਉਤਸਾਹਿਤ ਕਰੇਗਾ।

ਇਸ ਪਲੈਨ ਤਹਿਤ ਕਾਰਬਨ ਉੱਤੇ ਕੋਈ ਟੈਕਸ ਨਹੀਂ ਵਸੂਲਿਆ ਜਾਵੇਗਾ। ਓਨਟਾਰੀਓ ਦਾ ਨਵਾਂ ਕਾਰਬਨ ਟਰਸਟ ਆਸਟਰੇਲੀਆ ਦੇ ਅਮਿਸ਼ਨਜ਼ ਰਿਡਕਸ਼ਨ ਫੰਡ ਦੇ ਨਾਲ ਮੇਲ ਖਾਂਦਾ ਹੈ ਜਿਸ ਤਹਿਤ ਟੈਕਸਦਾਤਾਵਾਂ ਦੇ ਪੈਸੇ ਨੂੰ ਕਾਰੋਬਾਰਾਂ, ਕਿਸਾਨਾਂ ਤੇ ਜ਼ਮੀਨ ਦੇ ਮਾਲਕਾਂ ਨੂੰ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਤੇ ਸਵੱਛ ਤਕਨਾਲੋਜੀ ਅਪਨਾਉਣ ਲਈ ਵਰਤਿਆ ਜਾਂਦਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਆਸਟਰੇਲੀਆ ਦੇ ਅਜਿਹੇ ਸਿਸਟਮ ਕਾਰਨ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਵਿੱਚ ਵਾਧਾ ਹੋਇਆ ਤੇ ਹੁਣ ਚਿੰਤਾ ਇਹ ਬਣੀ ਹੋਈ ਹੈ ਕਿ ਓਨਟਾਰੀਓ ਸਰਕਾਰ ਦੀ ਇਸ ਨਵੀਂ ਯੋਜਨਾ ਨਾਲ ਵੀ ਉਹੋ ਜਿਹਾ ਕੁੱਝ ਹੀ ਇੱਥੇ ਹੋ ਸਕਦਾ ਹੈ।

## ਅੱਜ ਨਵੀਂ ਟਰੇਡ ਡੀਲ ਉਤੇ ਦਸਤਖ਼ਤ ਕਰਨਗੇ ਕੈਨੇਡਾ, ਅਮਰੀਕਾ ਤੇ ਮੈਕਸਿਕੋ

...ਪੰਨਾ 1 ਦਾ ਬਾਕੀ

ਕਾਰਗਰ ਸਿੱਧ ਨਹੀਂ ਹੋਵੇਗੀ। ਅਮਰੀਕੀ ਸੈਨੇਟ ਵਿੱਚ ਮੈਸਾਚਿਊਸੈੱਟਸ ਤੋਂ ਸੈਨੇਟਰ ਐਲਿਜ਼ਾਬੈੱਥ ਵਾਰਨ, ਜਿਨ੍ਹਾਂ ਦਾ ਨਾਂ 2020 ਦੀਆਂ ਰਾਸ਼ਟਰਪਤੀ ਚੋਣਾਂ ਲਈ ਸੰਭਾਵੀ ਦਾਅਵੇਦਾਰ ਵਜੋਂ ਸਾਹਮਣੇ ਆ ਰਿਹਾ ਹੈ, ਵੱਲੋਂ ਵੀ ਵੀਰਵਾਰ ਰਾਤ ਨੂੰ ਦਿੱਤੇ ਜਾਣ ਵਾਲੇ ਆਪਣੇ ਭਾਸ਼ਣ ਵਿੱਚ ਯੂਐਸਐਮਸੀਏ ਦਾ ਵਿਰੋਧ ਕੀਤੇ ਜਾਣ ਦੀ ਸੰਭਾਵਨਾ ਹੈ। ਦਸੰਬਰ ਤੋਂ ਪਹਿਲਾਂ ਇਸ ਡੀਲ ਉੱਤੇ ਦਸਤਖ਼ਤ ਕੀਤੇ ਜਾਣ ਨਾਲ ਮੈਕਸਿਕੋ ਦੇ ਰਾਸ਼ਟਰਪਤੀ ਐਨਰਿਕ ਪੇਨਾ ਨਿਏਟੋ ਨੂੰ ਅਹੁਦਾ ਛੱਡਣ ਤੇ ਆਪਣੇ ਜਾਨਸ਼ੀਨ ਐਂਡਰਸ ਮੈਨੂਅਲ ਲੋਪੇਜ਼ ਓਬਰਾਡੋ ਦੇ ਅਹੁਦਾ ਸਾਂਭਣ ਤੋਂ ਪਹਿਲਾਂ ਇਸ ਡੀਲ ਉੱਤੇ ਦਸਤਖ਼ਤ ਕਰਨ ਦਾ ਮੌਕਾ ਮਿਲ ਜਾਵੇਗਾ। ਇੱਕ ਵਾਰੀ ਸੰਪੂਰਨ ਸਹਿਮਤੀ ਮਿਲਣ ਤੋਂ ਬਾਅਦ ਯੂਐਸਐਮਸੀਏ ਸਮਝੌਤਾ ਨਾਫਟਾ ਸਮਝੌਤੇ ਦੀ ਥਾਂ ਲੈ ਲਵੇਗਾ।

## ਨਵਜੋਤ ਸਿੱਧੂ ਨੇ ਕਿਹਾ: ਮੈਂ ਤਾਂ ਗੋਪਾਲ ਚਾਵਲਾ ਨੂੰ ਜਾਣਦਾ ਨਹੀਂ

...ਪੰਨਾ 1 ਦਾ ਬਾਕੀ

ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਕੇਂਦਰੀ ਮੰਤਰੀ ਹਰਸਿਮਰਤ ਸਿੰਘ ਬਾਦਲ ਤੇ ਕੇਂਦਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਨਾਲ ਆਪਣੀਆਂ ਫੋਟੋ ਪਾ ਕੇ ਨਵੀਂ ਚਰਚਾ ਛੇੜ ਦਿੱਤੀ। ਇਸ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਅਤੇ ਗੋਪਾਲ ਸਿੰਘ ਚਾਵਲਾ ਦੀ ਫੋਟੋ ਵਾਇਰਲ ਹੋਣ ਨਾਲ ਅਕਾਲੀ-ਭਾਜਪਾ ਆਗੂਆਂ ਨੇ ਸਿੱਧੂ ਬਾਰੇ ਕਈ ਵੱਡੇ ਸਵਾਲ ਖੜੇ ਕੀਤੇ ਸਨ।

ਮਿਲੀ ਜਾਣਕਾਰੀ ਅਨੁਸਾਰ ਗੁਰਦ-ਆਰਾ ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਗਏ ਨਵਜੋਤ ਸਿੰਘ ਸਿੱਧੂ ਅਤੇ ਖਾਲਿਸਤਾਨ ਸਮਰਥਕ ਗੋਪਾਲ ਸਿੰਘ ਚਾਵਲਾ ਵਾਲੀ ਫੋਟੋ ਅਕਾਲੀ ਦਲ ਦੇ ਦਿੱਲੀ ਤੋਂ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਫੇਸਬੁੱਕ ਅਤੇ ਆਪਣੇ ਟਵਿੱਟਰ ਅਕਾਊਂਟ ਤੋਂ ਸ਼ੇਅਰ ਕਰ ਕੇ ਕਾਂਗਰਸ ਨੂੰ ਸਵਾਲ ਕੀਤੇ ਸਨ। ਉਨ੍ਹਾਂ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਰਾਹੁਲ ਗਾਂਧੀ ਤੇ ਕੈਪਟਨ ਅਮਰਿੰਦਰ ਸਿੰਘ ਪੰਜਾਬ ਸਰਕਾਰ ਵਿੱਚੋਂ ਬਰਖਾਸਤ ਕਰਨ। ਇਸ ਪਿੱਛੋਂ ਅਕਾਲੀ ਦਲ ਦੀ ਸੋਸ਼ਲ ਮੀਡੀਆ ਟੀਮ ਇਸ ਫੋਟੋ ਨੂੰ ਫੇਸਬੁੱਕ, ਟਵਿੱਟਰ, ਇੰਸਟਾਗਰਾਮ ਅਤੇ ਵਟਸਐਪ ਗਰੁੱਪਾਂ ਵਿੱਚ ਸ਼ੇਅਰ ਕਰ ਕੇ ਮੰਗ ਕਰ ਰਹੀ ਸੀ ਕਿ ਕਾਂਗਰਸ ਇਸ ਮੰਤਰੀ ਤੋਂ ਅਸਤੀਫ਼ਾ ਲਵੇ। ਇਸ ਦੌਰਾਨ ਸਵੇਰੇ 11 ਵਜੇ ਦੇ ਕਰੀਬ ਇਸ ਵਿੱਚ ਨਵਾਂ ਮੋੜ ਆ ਗਿਆ। ਗੋਪਾਲ ਸਿੰਘ ਚਾਵਲਾ ਨੇ ਆਪਣੇ ਫੇਸਬੁੱਕ ਅਕਾਊਂਟ ਉੱਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਖਿੱਚੀ ਹੋਈ ਸੈਲਫ਼ੀ ਅਪਲੋਡ ਕਰ ਦਿੱਤੀ। ਇਸ ਦੇ ਅਪਲੋਡ ਹੁੰਦੇ ਸਾਰ ਕਾਂਗਰਸ ਦੇ ਹੱਥ ਵੀ ਮੋੜਵਾਂ ਸਿਆਸੀ ਮੁੱਦਾ ਲਗ ਗਿਆ।

ਕਮਾਲ ਦੀ ਗੱਲ ਹੈ ਕਿ ਇਸ ਤੋਂ ਕੁਝ ਹੀ ਸਮੇਂ ਵਿੱਚ ਇੱਕ ਹੋਰ ਫੋਟੋ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ, ਜਿਸ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਕੇਂਦਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ, ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਨਾਲ ਗੋਪਾਲ ਸਿੰਘ ਚਾਵਲਾ ਖੜਾ ਹੈ। ਇਸ ਤੋਂ ਬਾਅਦ ਮੰਤਰੀ ਸਿੱਧੂ ਖ਼ਿਲਾਫ਼ ਚਲਾਈ ਮੁਹਿੰਮ ਵਿੱਚ ਅਕਾਲੀ ਦਲ ਤੇ ਭਾਜਪਾ ਆਗੂ ਖੁਦ ਵੀ ਫਸ ਗਏ।

ਇਸ ਦੌਰਾਨ ਤਖ਼ਤ ਦਮਦਮਾ ਸਾਹਿਬ ਤੋਂ ਸ਼ੁਰੂ ਕੀਤੇ ਜਾਣ ਵਾਲੇ ਇਨਸਾਫ਼ ਮਾਰਚ ਦੀਆਂ ਤਿਆਰੀਆਂ ਲਈ ਪਿੰਡ ਮਲਕਾਣਾ ਪੁੱਜੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਖ਼ਾਲਿਸਤਾਨੀ ਪੱਖੀ ਆਗੂ ਗੋਪਾਲ ਸਿੰਘ ਚਾਵਲਾ ਨਾਲ ਵਾਇਰਲ ਹੋਈ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਫੋਟੋ ਬਾਰੇ ਕਿਹਾ ਕਿ ਇਹ ਕੋਈ ਮਸਲਾ ਨਹੀਂ। ਖਹਿਰਾ ਨੇ ਮੀਡੀਆ ਨੂੰ ਕਿਹਾ ਕਿ ਚਾਵਲਾ ਨਾਲ ਸਿੱਧੂ ਦੀ ਫੋਟੋ ਹੋਣਾ ਕੋਈ ਮਸਲਾ ਨਹੀਂ, ਜੇ ਉਨ੍ਹਾਂ ਦੇ ਆਪੋ ਵਿਚ ਨਿੱਜੀ ਸਬੰਧ ਹਨ ਤਾਂ ਜਾਂਚ ਦਾ ਵਿਸ਼ਾ ਬਣੇਗਾ। ਉਨ੍ਹਾ ਕਿਹਾ ਕਿ ਇਸ ਦਾ ਸ਼ੁਕਰ ਮਨਾਉਣਾ ਚਾਹੀਦਾ ਹੈ ਕਿ ਕਰਤਾਰਪੁਰ ਲਾਂਘਾ ਖੁੱਲ੍ਹ ਰਿਹਾ ਹੈ। ਦੂਸਰੇ ਪਾਸੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਗਏ ਤਾਂ ਕਰਤਾਰਪੁਰ ਲਾਂਘਾ ਲੈ ਕੇ ਆਏ, ਜਿਸ ਨਾਲ ਲੱਖਾਂ ਲੋਕਾਂ ਦੀਆਂ ਅਰਦਾਸਾਂ ਪੂਰੀਆਂ ਹੋਈਆਂ ਹਨ। ਬੈਂਸ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਦੌਰਾਨ ਗੋਪਾਲ ਸਿੰਘ ਚਾਵਲਾ ਨਾਲ ਤਸਵੀਰਾਂ ਉੱਤੇ ਵਿਵਾਦ ਬੇਲੋੜਾ ਹੈ, ਸਮਾਰੋਹਾਂ ਦੌਰਾਨ ਕੋਈ ਵੀ ਆ ਕੇ ਫੋਟੋ ਖਿਚਵਾ ਜਾਂਦਾ ਹੈ।

ਉਧਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਿੱਧੂ ਦੇ ਹੱਕ ਵਿਚ ਕਿਹਾ ਕਿ ਉਸ ਨੇ ਗੋਪਾਲ ਸਿੰਘ ਚਾਵਲਾ ਨਾਲ ਫੋਟੋ ਨਹੀਂ ਖਿਚਵਾਈ, ਗੋਪਾਲ ਸਿੰਘ ਚਾਵਲਾ ਹੀ ਫੋਟੋ ਖਿਚਵਾਉਣ ਲਈ ਭੱਜਾ ਫਿਰਦਾ ਸੀ। ਉਨ੍ਹਾਂ ਕਿਹਾ ਕਿ ਸਿੱਧੂ ਦਾ ਇਸ ਵਿਚ ਕੋਈ ਦੋਸ਼ ਨਹੀਂ, ਗੋਪਾਲ ਸਿੰਘ ਚਾਵਲਾ ਕੋਈ ਹਸਤੀ ਨਹੀਂ, ਜਿਸ ਨੂੰ ਇੰਨਾ ਪ੍ਰਚਾਰਿਆ ਜਾ ਰਿਹਾ ਹੈ।


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਸ ਇਸਟ੍ਰਕਟਰ
647-998-7500 ਬਲਵਿੰਦਰ


## ਨਵਜੋਤ ਸਿੱਧੂ ਦੀ ਖਾਲਿਸਤਾਨੀ ਆਗੂ ਗੋਪਾਲ ਸਿੰਘ ਚਾਵਲਾ ਨਾਲ ਫੋਟੋ ਦਾ ਵਿਵਾਦ ਛਿੜਿਆ

### * ਸੁਖਬੀਰ ਨੇ ਕਿਹਾ: ਸਿੱਧੂ ਭਾਰਤ-ਪਾਕਿ ਵਿਚੋਂ ਆਪਣੀ ਪਹਿਲ ਦੱਸਣ



ਅੰਮ੍ਰਿਤਸਰ, 29 ਨਵੰਬਰ, (ਪੋਸਟ ਬਿਊਰੋ)- ਭਾਰਤ-ਪਾਕਿ ਵਿਚਾਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਈ ਲਾਂਘਾ ਖੋਲ੍ਹਣ ਵਾਸਤੇ ਪਾਕਿਸਤਾਨ ਦੌਰੇ ਉੱਤੇ ਗਏ ਨਵਜੋਤ ਸਿੰਘ ਸਿੱਧੂ ਦੀ ਇੱਕ ਤਸਵੀਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਗੋਪਾਲ ਸਿੰਘ ਚਾਵਲਾ ਨਾਲ ਜਾਰੀ ਹੋਣ ਪਿੱਛੋਂ ਸਿੱਧੂ ਇਕ ਵਾਰ ਨਵੇਂ ਵਿਵਾਦ ਦੇ ਗੇੜ ਵਿਚ ਉਲਝ ਗਏ ਹਨ। ਅਕਾਲੀ-ਭਾਜਪਾ ਆਗੂਆਂ ਨੇ ਉਨ੍ਹਾਂ ਨੂੰ ਮੁੜ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਏਥੇ ਨਵਜੋਤ ਸਿੰਘ ਸਿੱਧੂ ਉੱਤੇ ਭਰਵਾਂ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਇਸ ਦੇਸ਼ ਦੇ ਲੋਕਾਂ ਨੂੰ ਸਪਸ਼ਟ ਕਰਨ ਕਿ ਉਨ੍ਹਾਂ ਦੀ ਪਹਿਲ ਭਾਰਤ ਹੈ ਜਾਂ ਪਾਕਿ-ਸਤਾਨ। ਛੋਟੇ ਬਾਦਲ ਨੇ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੂੰ ਇਥੋਂ ਤਕ ਕਿਹਾ ਕਿ ਪਾਕਿਸਤਾਨ ਵਿਚ ਕਾਂਗਰਸ ਦਾ ਯੂਨਿਟ ਬਣਾ ਕੇ ਉਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਥਾਪ ਦੇਣ।

ਅੱਜ ਏਥੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਸੁਖਬੀਰ ਸਿੰਘ ਬਾਦਲ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਨਵਜੋਤ ਸਿੰਘ ਸਿੱਧੂ ਦੇ ਖ਼ਿਲਾਫ਼ ਪੂਰੀ ਭੜਾਸ ਕੱਢੀ। ਉਨ੍ਹਾਂ ਕਿਹਾ ਕਿ ਸਿੱਧੂ ਨੂੰ ਭਾਰਤੀ ਲੋਕਾਂ ਨੂੰ ਸਾਫ ਕਰਨਾ ਚਾਹੀਦਾ ਹੈ ਕਿ ਉਸ ਦੀ ਪਹਿਲ ਭਾਰਤ ਹੈ ਜਾਂ ਪਾਕਿ-ਸਤਾਨ, ਕਿਉਂਕਿ ਜਿਸ ਨਾਲ ਉਸ ਨੇ ਹੱਥ ਮਿਲਾਇਆ, ਉਹ ਭਾਰਤ ਵਿਰੋਧੀ ਹੈ ਤੇ ਭਾਰਤ ਵਿੱਚ ਭੰਨਤੋੜ ਦੀਆਂ ਕਾਰਵਾਈਆਂ ਕਰਾਉਣ ਵਿਚ ਸ਼ਾਮਲ ਹੈ। ਛੋਟੇ ਬਾਦਲ ਨੇ ਕਿਹਾ ਕਿ ਇਸ ਵਿਅਕਤੀ ਨੂੰ ਨੀਂਹ ਪੱਥਰ ਸਮਾਗਮ ਵਿਚ ਪਹਿਲੀ ਕਤਾਰ ਵਿਚ ਬਿਠਾ ਕੇ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਹੈ ਕਿ ਉਹ ਅਤਿਵਾਦ ਅਤੇ ਵੱਖਵਾਦ ਦੇ ਸਮਰਥਕਾਂ ਨੂੰ ਵੀ ਆਈ ਪੀ ਮਾਨਤਾ ਦਿੰਦੇ ਹਨ।

ਦੂਸਰੇ ਪਾਸੇ ਭਾਜਪਾ ਦੇ ਕੌਮੀ ਸਕੱਤਰ ਤਰੁਣ ਚੁੱਘ ਨੇ ਇਸ ਕੇਸ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਅਤਿਵਾਦੀ ਸਮਰਥਕਾਂ ਨਾਲ ਸਬੰਧਾਂ ਦੇ ਦੋਸ਼ ਹੇਠ ਮੰਤਰੀ ਮੰਡਲ ਤੋਂ ਕੱਢ ਦੇਣ। ਹੈਰਾਨੀ ਦੀ ਨਵੀਂ ਗੱਲ ਇਹ ਸੀ ਕਿ ਨਵਜੋਤ ਸਿੰਘ ਸਿੱਧੂ ਵਾਂਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਫੋਟੋ ਵੀ ਗੋਪਾਲ ਸਿੰਘ ਚਾਵਲਾ ਨਾਲ ਵਾਇਰਲ ਹੋ ਗਈ। ਇਸ ਤਸਵੀਰ ਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗੋਲਮੋਲ ਜਵਾਬ ਦਿੱਤਾ ਕਿ ਪਾਕਿ-ਸਤਾਨ ਸਰਕਾਰੀ ਮਹਿਮਾਨ ਵਜੋਂ ਲੌਂਗੋਵਾਲ ਉਥੇ ਗਏ ਸਨ ਅਤੇ ਜਿਥੇ ਉਨ੍ਹਾਂ ਨੂੰ ਸੀਟ ਦਿੱਤੀ ਗਈ, ਉਹ ਉਥੇ ਬੈਠ ਗਏ, ਉਨ੍ਹਾਂ ਦਾ ਕੋਈ ਕਸੂਰ ਨਹੀਂ।

## ਸ਼ਹਿਰ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਨਾਜਾਇਜ਼ ਪਾਲਤੂ ਕੁੱਤੇ

ਜਲੰਧਰ, 29 ਨਵੰਬਰ (ਪੋਸਟ ਬਿਊਰੋ)- ਖਸਤਾ ਹਾਲ ਸ਼ਹਿਰ ਦੀ ਹਾਲਤ ਸੁਧਾਰਨ ਲਈ ਨਿਗਮ ਕੋਲ ਬਜਟ ਨਹੀਂ ਹੈ। ਕੰਗਾਲੀ ਨਾਲ ਜੂਝ ਰਿਹਾ ਨਿਗਮ ਆਪਣੀ ਆਮਦਨ ਦੇ ਸਰੋਤਾਂ ਨੂੰ ਭੁੱਲ ਗਿਆ ਹੈ। ਨਤੀਜੇ ਵਜੋਂ ਪਾਲਤੂ ਕੁੱਤਿਆਂ ਦੀ ਰਜਿਸਟਰੇਸ਼ਨ ਵਰਗੇ ਨਿਯਮ ਨੂੰ ਨਿਗਮ 12 ਸਾਲ ਤੋਂ ਲਾਗੂ ਨਹੀਂ ਕਰਵਾ ਸਕਿਆ।

2006 ਤੱਕ ਨਿਗਮ 'ਚ ਕਾਨੂੰਨ ਲਾਗੂ ਸੀ ਕਿ ਕੋਈ ਨਾਗਰਿਕ ਪਾਲਤੂ ਕੁੱਤਾ ਜਾਂ ਦੂਜਾ ਜਾਨਵਰ ਤਦੇ ਰੱਖ ਸਕਦਾ ਹੈ, ਜਦੋਂ ਨਿਗਮ ਤੋਂ ਉਹ ਰਜਿਸਟਰਡ ਕਰਵਾ ਕੇ ਮਨਜ਼ੂਰੀ ਲਵੇ ਅਤੇ ਉਸ ਦੀ ਸਿਹਤ ਦਾ ਪ੍ਰਮਾਣ ਪੱਤਰ ਵੀ ਡਾਕਟਰ ਤੋਂ ਲੈਣਾ ਹੁੰਦਾ ਹੈ। ਇਸ ਸਮੇਂ ਸ਼ਹਿਰ 'ਚ 50 ਹਜ਼ਾਰ ਤੋਂ ਵੱਧ ਪਾਲਤੂ ਕੁੱਤੇ ਹਨ ਅਤੇ ਇਨ੍ਹਾਂ ਦੀ ਰਜਿਸਟਰੇਸ਼ਨ ਨਾ ਹੋਣ ਕਾਰਨ ਨਿਗਮ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗ ਰਿਹਾ ਹੈ। ਨਾਲ ਇਨ੍ਹਾਂ ਕੁੱਤਿਆਂ ਕਾਰਨ ਦੂਜੇ ਨਾਗਰਿਕਾਂ ਦੀ ਸੁਰੱਖਿਆ ਵੀ ਦਾਅ ਉਤੇ ਹੈ। ਨਿਯਮ ਅਨੁਸਾਰ ਘਰ 'ਚ ਕੁੱਤਾ ਪਾਲਣ ਲਈ ਇਸ ਦੀ ਮਨਜ਼ੂਰੀ ਨਿਗਮ ਤੋਂ ਲੈਣੀ ਪੈਂਦੀ ਹੈ। ਇਸ ਲਈ ਬਾਕਾਇਦਾ ਕੁੱਤੇ ਦੀ ਰਜਿਸਟਰੇਸ਼ਨ ਕਰਵਾਉਣੀ ਪੈਂਦੀ ਹੈ। ਨਗਰ ਨਿਗਮ ਵੱਲੋਂ ਕੁੱਤੇ ਦੀ ਰਜਿਸਟਰੇਸ਼ਨ ਕਰਕੇ ਉਸ ਦੇ ਗਲ ਨੰਬਰ ਲਾ ਕੇ ਪਟਾ ਪਾ ਦਿੱਤਾ ਜਾਂਦਾ ਹੈ। ਬੀਤੇ 12 ਸਾਲਾਂ ਤੋਂ ਸ਼ਹਿਰ 'ਚ ਇਹ ਨਹੀਂ ਹੋ ਰਿਹਾ।

ਸਮਾਰਟ ਸਿਟੀ ਪ੍ਰਾਜੈਕਟ 'ਚ ਨਿਗਮ ਲਈ ਪਾਲਤੂ ਜਾਨਵਰਾਂ ਬਾਰੇ ਵਿਸ਼ੇਸ਼ ਤੌਰ 'ਤੇ ਕਾਨੂੰਨ ਦੇ ਰੂਪ 'ਚ ਇਸ ਨੂੰ ਸ਼ਾਮਲ ਕੀਤਾ ਗਿਆ ਹੈ। ਉਸ ਤੋਂ ਬਾਅਦ ਨਿਗਮ ਪ੍ਰਸ਼ਾਸਨ ਨੇ ਅਜੇ ਤੱਕ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਚੰਡੀਗੜ੍ਹ 'ਚ ਪਾਲਤੂ ਕੁੱਤੇ ਦੀ ਰਜਿਸਟਰੇਸ਼ਨ ਕਰਵਾਉਣ ਲਈ ਇਕ ਸਮੇਂ ਇਕ ਹਜ਼ਾਰ ਰੁਪਏ ਦੇਣੇ ਹੁੰਦੇ ਹਨ। ਇਸ ਤੋਂ ਪਹਿਲਾਂ 200 ਰੁਪਏ ਫੀ ਸਾਲ ਦੇਣੇ ਪੈਂਦੇ ਸਨ। ਜੇ ਚੰਡੀਗੜ੍ਹ ਨਗਰ ਨਿਗਮ ਵਾਂਗ ਕੁੱਤਿਆਂ ਦੀ ਰਜਿਸਟਰੇਸ਼ਨ ਹੋਵੇ ਤਾਂ ਇਸ ਨਾਲ ਪੰਜ ਕਰੋੜ ਰੁਪਏ ਮਾਲੀਆ ਮਿਲ ਸਕਦਾ ਹੈ। ਨਿਗਮ ਨੇ ਕਦੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ।


KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ





ਕਰਤਾਰ ਫਰਨੀਚਰ
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach


Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

ਕਹਾਣੀ

# ਅਰਪਿਤਾ

-ਨੀਰਜਾ ਦਿਵੇਦੀ

ਬੈਂਕ ਮੈਨਜਰ ਪਾਰੀਤੋਸ਼ ਆਪਣੀ ਛੋਟੀ ਧੀ ਮੰਜੁਲਿਕਾ ਦੇ ਵਿਆਹ ਦੀਆਂ ਤਿਆਰੀਆਂ ਵਿੱਚ ਰੁੱਝੇ ਹੋਏ ਸਨ। ਉਨ੍ਹਾਂ ਨੌਕਰ ਨੂੰ ਕਿਹਾ ਹੋਇਆ ਸੀ ਕਿ ਉਨ੍ਹਾਂ ਨੇ ਵਿਆਹ ਦੇ ਕੰਮ ਨਿਪਟਾਉਣੇ ਸਨ, ਇਸ ਲਈ ਕਿਸੇ ਨੂੰ ਉਨ੍ਹਾਂ ਕੋਲ ਨਾ ਭੇਜਿਆ ਜਾਵੇ। ਕੁਝ ਦੇਰ ਬਾਅਦ ਨੌਕਰ ਆ ਕੇ ਚੁੱਪਚਾਪ ਖੜ੍ਹਾ ਰਿਹਾ, ''ਕੀ ਗੱਲ ਹੈ?'' ਪਾਰੀਤੋਸ਼ ਨੇ ਪੁੱਛਿਆ।

''ਮੁਆਫ ਕਰਨਾ ਬਾਊ ਜੀ, ਇੱਕ ਲੜਕੀ ਆਪ ਨੂੰ ਮਿਲਣ ਵਾਸਤੇ ਬਹੁਤ ਜ਼ਿੱਦ ਕਰ ਰਹੀ ਹੈ, ਬੇਟੀ ਮੰਜੁਲਿਕਾ ਦੀ ਜ਼ਿੰਦਗੀ ਦਾ ਸਵਾਲ ਹੈ, ਜੇ ਵਿਆਹ ਹੋ ਗਿਆ ਤਾਂ ਫਿਰ ਮਿਲਣ ਦਾ ਕੋਈ ਲਾਭ ਨਹੀਂ ਹੋਵੇਗਾ'' ਨੌਕਰ ਨੇ ਦੱਸਿਆ।

''ਉਸ ਨੂੰ ਅੰਦਰ ਭੇਜ ਦੇ'' ਉਨ੍ਹਾਂ ਨੇ ਚਿੰਤਤ ਹੁੰਦਿਆਂ ਕਿਹਾ। ਪਾਰੀਤੋਸ਼ ਲਖਨਊ 'ਚ ਇੱਕ ਬੈਂਕ ਦੀ ਮੇਨ ਬ੍ਰਾਂਚ ਵਿੱਚ ਮੈਨੇਜਰ ਹਨ। ਉਨ੍ਹਾਂ ਦੇ ਤਿੰਨ ਬੱਚੇ ਹਨ। ਦੋ ਬੇਟੀਆਂ ਤੇ ਇੱਕ ਬੇਟਾ। ਵੱਡੀ ਬੇਟੀ ਦਾ ਵਿਆਹ ਹੋ ਚੁੱਕਾ ਸੀ। ਪੁੱਤਰ ਅਕਸ਼ਤ ਦੀ ਆਈ ਪੀ ਐੱਸ ਵਿੱਚ ਸਿਲੈਕਸ਼ਨ ਹੋ ਗਈ ਸੀ। ਉਸ ਤੋਂ ਛੋਟੀ ਧੀ ਮੰਜੁਲਿਕਾ ਦਾ ਵਿਆਹ ਉਨ੍ਹਾਂ ਦੇ ਪੁਰਾਣੇ ਜਾਣ-ਪਛਾਣ ਵਾਲੇ ਵਪਾਰੀ ਸ਼ਾਂਤੀ ਸਰੂਪ ਦੇ ਪੁੱਤਰ ਅਭੈ ਨਾਲ ਹੋ ਰਿਹਾ ਸੀ। ਇਸ ਤੋਂ ਪਹਿਲਾਂ ਅਭੈ ਦਾ ਵਿਆਹ ਬਲੀਆ ਦੇ ਇੱਕ ਵਪਾਰੀ ਦੀ ਇਕਲੌਤੀ ਧੀ ਨਿਸ਼ਾ ਨਾਲ ਹੋਇਆ ਸੀ। ਇੱਕ ਦਿਨ ਨਿਸ਼ਾ ਘਰ ਇਕੱਲੀ ਸੀ। ਸ਼ਾਂਤੀ ਸਰੂਪ ਬਾਹਰ ਬੈਠਕ ਵਿੱਚ ਸੌਂ ਰਹੇ ਸਨ। ਤਦ ਕੁਝ ਬਦਮਾਸ਼ ਕੰਧ ਟੱਪ ਕੇ ਅੰਦਰ ਆ ਗਏ ਅਤੇ ਨਿਸ਼ਾ ਦਾ ਕਤਲ ਕਰ ਦਿੱਤਾ। ਨਿਸ਼ਾ ਦੇ ਪਿਤਾ ਨੇ ਸਥਾਨਕ ਪੁਲਸ ਕੋਲ ਕੇਸ ਦਰਜ ਕਰਵਾ ਦਿੱਤਾ। ਮੰਤਰੀ ਜੀ ਦੀ ਮਦਦ ਨਾਲ ਕਿਸੇ ਤਰ੍ਹਾਂ ਸਥਾਨਕ ਪੁਲਸ ਤੋਂ ਕੇਸ ਸੀ ਆਈ ਡੀ ਕੋਲ ਟਰਾਂਸਫਰ ਕਰਵਾਇਆ ਗਿਆ। ਸੀ ਆਈ ਡੀ ਨੇ ਫਾਈਨਲ ਰਿਪੋਰਟ ਭੇਜ ਦਿੱਤੀ। ਸ਼ਾਂਤੀ ਸਰੂਪ ਦੀ ਗੱਲ ਨਾਲ ਕੋਈ ਸਹਿਮਤ ਨਹੀਂ ਸੀ, ਪਰ ਦੱਬੇ ਮੁਰਦੇ ਕੌਣ ਪੁੱਟੇ, ਇਸ ਲਈ ਸਭ ਚੁੱਪ ਹੋ ਗਏ।

ਸ਼ਾਂਤੀ ਸਰੂਪ, ਪਾਰੀਤੋਸ਼ ਦੀ ਧੀ ਮੰਜੁਲਿਕਾ ਨਾਲ ਅਭੈ ਦੇ ਰਿਸ਼ਤੇ ਲਈ ਆਏ। ਪਾਰੀਤੋਸ਼ ਦੀ ਪਤਨੀ ਮਿਨਾਕਸ਼ੀ, ਮੰਜੁਲਿਕਾ ਤੇ ਅਕਸ਼ਤ ਨੂੰ ਅਭੈ ਦਾ ਇਕੱਲਿਆਂ ਹੋਣਾ ਰੜਕ ਰਿਹਾ ਸੀ, ਪਰ ਉਸ ਦੇ ਚਿਹਰੇ ਦੇ ਭੋਲੇਪਣ ਤੇ ਗੱਲਬਾਤ ਦੀ ਸ਼ਿਸ਼ਟਤਾ ਨੇ ਉਨ੍ਹਾਂ ਨੂੰ ਚੁੱਪ ਕਰਾ ਦਿੱਤਾ। ਵਿਆਹ ਤੈਅ ਹੋਣ ਪਿੱਛੋਂ ਵੀ ਮਿਨਾਕਸ਼ੀ ਆਪਣੇ ਪਤੀ ਨੂੰ ਜ਼ੋਰ ਦੇ ਕੇ ਕਹਿ ਰਹੀ ਸੀ ਕਿ ਸ਼ਾਂਤੀ ਸਰੂਪ ਦੇ ਸ਼ਹਿਰ ਫੈਜ਼ਾਬਾਦ ਜਾ ਕੇ ਪੂਰੀ ਤਰ੍ਹਾਂ ਤਸੱਲੀ ਕਰ ਲੈਣ, ਪਰ ਪਾਰੀਤੋਸ਼ ਨੂੰ ਅੱਠ ਸਾਲ ਪਹਿਲਾਂ ਦੀ ਸ਼ਾਂਤੀ ਸਰੂਪ ਨਾਲ ਆਪਣੀ ਨੇੜਤਾ 'ਤੇ ਪੂਰਾ ਭਰੋਸਾ ਸੀ ਅਤੇ ਉਨ੍ਹਾਂ ਨੇ ਪਤਨੀ ਦੀ ਕੋਈ ਗੱਲ ਨਾ ਸੁਣੀ। 24 ਅਕਤੂਬਰ ਨੂੰ ਵਿਆਹ ਦੀ ਤਰੀਕ ਨਿਸ਼ਚਿਤ ਹੋ ਚੁੱਕੀ ਸੀ ਤੇ ਅੱਜ 22 ਅਕਤੂਬਰ ਸੀ। ਇਸ ਤਰ੍ਹਾਂ ਕਿਸੇ ਲੜਕੀ ਦੇ ਆਉਣ ਨਾਲ ਉਨ੍ਹਾਂ ਨੂੰ ਘਬਰਾਹਟ ਹੋ ਗਈ ਸੀ। ਉਨ੍ਹਾਂ ਦੀ ਪਤਨੀ ਇੱਕ 21-22 ਸਾਲ ਦੀ ਸੁੰਦਰ ਲੜਕੀ ਨੂੰ ਲੈ ਕੇ ਕਮਰੇ 'ਚ ਆਈ।

'ਇਹ ਅਰਪਿਤਾ ਹੈ। ਕੀ ਤੁਸੀਂ ਪਛਾਣਿਆ ਇਸ ਨੂੰ' ਮਿਨਾਕਸ਼ੀ ਨੇ ਆਪਣੇ ਪਤੀ ਨੂੰ ਕਿਹਾ।

'ਅਰਪਿਤਾ, ਅਭੈ ਦੀ ਭੈਣ ਆਪਣੇ ਸ਼ਾਂਤੀ ਸਰੂਪ ਜੀ ਦੀ ਬੇਟੀ। ਪਹਿਲਾਂ ਕਿਉਂ ਨਹੀਂ ਦੱਸਿਆ। ਬੇਟੀ ਤੇਰਾ ਆਪਣਾ ਘਰ ਹੈ, ਸਿੱਧੇ ਅੰਦਰ ਆ ਜਾਣਾ ਸੀ'' ਪਾਰੀਤੋਸ਼ ਨੇ ਕਿਹਾ।

''ਪਲੀਜ਼, ਅੰਕਲ ਮੇਰ ਨਾਂਅ ਤੇ ਪਛਾਣ ਨੂੰ ਗੁਪਤ ਹੀ ਰੱਖਣਾ। ਮੈਂ ਬਹੁਤ ਜ਼ਰੂਰੀ ਕੰਮ ਲਈ ਹੀ ਆਈ ਹਾਂ।'' ਉਸ ਨੇ ਬਹੁਤ ਗੰਭੀਰ ਆਵਾਜ਼ ਵਿੱਚ ਕਿਹਾ।

ਉਸ ਨੇ ਲੰਬਾ ਸਾਹ ਲਿਆ ਤੇ ਕੁਝ ਦੇਰ ਸੋਚਿਆ ਅਤੇ ਹੌਲੀ ਹੌਲੀ ਕਹਿਣ ਲੱਗੀ, ''ਅੰਕਲ-ਆਂਟੀ ਤੁਸੀਂ ਜਾਣਦੇ ਹੋ ਕਿ ਮੈਂ ਲਖਨਊ 'ਚ ਆਈ ਟੀ ਕਾਲਜ ਦੇ ਹੋਸਟਲ ਵਿੱਚ ਰਹਿੰਦੀ ਹਾਂ। ਮੇਰੇ ਪਰਵਾਰ ਦੀ ਖੁਦਗਰਜੀ ਅਤੇ ਮੇਰੇ ਪਿਤਾ ਜੀ ਤੇ ਮੇਰੇ ਵੱਡੇ ਭਰਾ ਦੇ ਡਰ ਕਾਰਨ ਮੇਰੀ ਜ਼ੁਬਾਨ ਬੰਦ ਸੀ। ਜਦੋਂ ਭਰਾ ਦੇ ਵਿਆਹ ਦਾ ਸਮਾਂ ਨੇੜੇ ਆ ਗਿਆ ਤਾਂ ਮੇਰੀ ਆਤਮਾ ਮੈਨੂੰ ਲਾਹਨਤਾਂ ਪਾਉਣ ਲੱਗੀ। ਵਕਤ ਘੱਟ ਹੋਣ ਦੇ ਬਾਵਜੂਦ ਮੈਂ ਆਪ ਨੂੰ ਮਿਲਣ ਦਾ ਫੈਸਲਾ ਕੀਤਾ।'' ਅਰਪਿਤਾ ਕਹਿਣ ਲੱਗੀ, ''ਅੰਕਲ, ਮੈਨੂੰ ਕਹਿੰਦੇ ਹੋਏ ਸ਼ਰਮ ਤੇ ਨਫਰਤ ਦਾ ਅਹਿਸਾਸ ਹੋ ਰਿਹਾ ਹੈ। ਮੈਨੂੰ ਇਹੀ ਦੱਸਿਆ ਗਿਆ ਕਿ ਬਦਮਾਸ਼ਾਂ ਨੇ ਭਾਬੀ ਦਾ ਕਤਲ ਕੀਤਾ ਹੈ, ਪਰ ਬਾਅਦ ਵਿੱਚ ਘਰ ਦੇ ਨੌਕਰ ਤੇ ਮੁਹੱਲੇ ਦੀਆਂ ਔਰਤਾਂ ਦੀਆਂ ਗੱਲਾਂ ਤੋਂ ਮੈਨੂੰ ਸੱਚਾਈ ਦਾ ਪਤਾ ਲੱਗਾ। ਇੱਕ ਪੁਰਾਣੀ ਨੌਕਰਾਣੀ ਨੇ ਮੈਨੂੰ ਇਸ ਸਾਰੀ ਘਟਨਾ ਬਾਰੇ ਦੱਸਿਆ। ਉਸ ਨੇ ਆਪਣੀ ਗੱਲ ਜਾਰੀ ਰੱਖਦੇ ਹੋਏ ਕਿਹਾ ਕਿ ''ਮੇਰਾ ਭਰਾ ਬਹੁਤ ਚੁਸਤ ਹੈ। ਉਸ ਨੇ ਇੱਕ ਸ਼ੂਗਰ ਮਿਲ ਲਾਉਣ ਦੀ ਯੋਜਨਾ ਬਣਾਈ। ਮਿੱਲ ਦਾ ਕੰਮ ਚੱਲ ਰਿਹਾ ਸੀ ਕਿ ਬਲੀਆ ਦੇ ਇੱਕ ਪ੍ਰਸਿੱਧ ਉਦਯੋਗਪਤੀ ਪ੍ਰਸਾਦ ਦੀ ਇਕਲੌਤੀ ਧੀ ਦਾ ਰਿਸ਼ਤਾ ਭਰਾ ਲਈ ਆਇਆ। ਨਿਸ਼ਾ ਦਾ ਰੰਗ ਰੂਪ ਦਰਮਿਆਨਾ ਸੀ। ਭਰਾ ਨੇ ਪਿਤਾ ਜੀ ਦੇ ਦਬਾਅ ਵਿੱਚ ਅਤੇ ਨਿਸ਼ਾ ਦੀ ਜਾਇਦਾਦ ਦੇ ਲਾਲਚ ਵਿੱਚ ਆ ਕੇ ਹਾਂ ਕਰ ਦਿੱਤੀ, ਜਦ ਕਿ ਉਹ ਆਪਣੀ ਕਲਾਸਫੈਲੋ ਪਾਰੁਲ ਨਾਲ ਵਿਆਹ ਕਰਨਾ ਚਾਹੁੰਦਾ ਸੀ। ਭਰਾ ਨੇ ਮਿੱਲ ਵਾਸਤੇ ਭਾਬੀ ਦੇ ਪਿਤਾ ਤੋਂ ਪੈਸੇ ਦੀ ਮੰਗ ਕੀਤੀ, ਪ੍ਰੰਤੂ ਭਾਬੀ ਦੇ ਪਿਤਾ ਦੀ ਆਰਥਿਕ ਹਾਲਤ ਠੀਕ ਨਹੀਂ ਸੀ। ਉਨ੍ਹਾਂ ਦੇ ਮੈਨੇਜਰ ਨੇ ਧੋਖਾ ਕਰ ਕੇ ਉਨ੍ਹਾਂ ਦਾ ਲੱਖਾਂ ਦਾ ਨੁਕਸਾਨ ਕੀਤਾ ਸੀ। ਇੱਕ ਦਿਨ ਭਰਾ ਬਾਹਰ ਗਿਆ ਸੀ। ਉਸੇ ਰਾਤ ਸ਼ਰਾਬ ਵਿੱਚ ਪਿਤਾ ਜੀ ਆਪਣੀ ਸੁੱਧ-ਬੁੱਧ ਖੋ ਬੈਠੇ ਤੇ ਭਾਬੀ ਨਾਲ ਜ਼ਬਰਦਸਤੀ ਦੀ ਕੋਸ਼ਿਸ਼ ਕੀਤੀ। ਭਾਬੀ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਦਿਆਂ ਭੱਜ ਕੇ ਨੌਕਰਾਂ ਦੇ ਕਵਾਰਟਰ ਵਿੱਚ ਗਈ। ਪਿਤਾ ਜੀ ਨੇ ਆਪਣਾ ਦੋਸ਼ ਲੁਕਾਉਣ ਲਈ ਭਾਬੀ ਦੇ ਚਰਿੱਤਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਬਹੂ ਪਤਾ ਨਹੀਂ ਕਿੱਥੇ ਕਿੱਥੇ ਆਪਣੇ ਯਾਰਾਂ ਨੂੰ ਮਿਲਣ ਜਾਂਦੀ ਹੈ। ਪਿਤਾ ਜੀ ਅਤੇ ਭਰਾ ਨੇ ਮਿਲ ਕੇ ਭਾਬੀ ਤੋਂ ਛੁਟਕਾਰਾ ਪਾਉਣ ਲਈ ਚਾਲ ਚੱਲੀ। ਇੱਕ ਰਾਤ ਭਰਾ ਨੇ ਵਰਾਂਡੇ ਵਿੱਚ ਪਿਆ ਟਕੂਆ ਚੁੱਕਿਆ। ਪਿਤਾ ਜੀ ਨੇ ਕਮਰੇ 'ਚ ਜਾ ਕੇ ਭਾਬੀ ਦਾ ਮੂੰਹ ਤੌਲੀਏ ਨਾਲ ਦਬਾ ਦਿੱਤਾ। ਚਾਰ ਮਹੀਨੇ ਦੀ ਗਰਭਵਤੀ ਸੀ। ਭਰਾ ਨੇ ਤੜਫਦੀ ਭਾਬੀ ਦੇ ਪੈਰ ਰੱਸੀ ਨਾਲ ਬੰਨ੍ਹੇ ਅਤੇ ਟਕੂਏ ਨਾਲ ਕਈ ਵਾਰ ਕਰ ਕੇ ਉਸ ਦਾ ਕਤਲ ਕਰ ਦਿੱਤਾ।

ਪਾਰੀਤੋਸ਼ ਤੇ ਮਿਨਾਕਸ਼ੀ ਇਸ ਦਰਦਨਾਕ ਕਤਲ ਬਾਰੇ ਸੁਣ ਕੇ ਸੁੰਨ ਹੋ ਗਏ। ਪਾਰੀਤੋਸ਼ ਨੇ ਕੁਝ ਸੋਚਦੇ ਹੋਏ ਉਸ ਨੂੰ ਪੁੱਛਆ, ''ਬੇਟੀ, ਇੱਕ ਗੱਲ ਦੱਸ, ਤੂੰ ਇੰਨੇ ਦਿਨ ਚੁੱਪ ਕਿਉਂ ਰਹੀ। ਤੂੰ ਅੱਜ ਇਹ ਸਭ ਕੁਝ ਕਿਉਂ ਦੱਸ ਰਹੀ ਏਂ। ਅਜਿਹਾ ਕਿਉਂ?''

ਅਰਪਿਤਾ ਕੁਝ ਦੇਰ ਚੁੱਪ ਰਹੀ ਤੇ ਫਿਰ ਕਹਿਣ ਲੱਗੀ, ''ਮੈਂ ਇੱਕ ਆਮ ਲੜਕੀ ਹਾਂ। ਆਪਣੇ ਪਿਤਾ ਤੇ ਭਰਾ ਦੇ ਸਹਾਰੇ ਹਾਂ। ਉਨ੍ਹਾਂ ਦੇ ਪਿਆਰ ਵਿੱਚ ਉਹ ਭੁੱਲ ਗਈ ਕਿ ਮੇਰਾ ਫਰਜ਼ ਕੀ ਹੈ।''

''ਅੱਜ ਤੈਨੂੰ ਫਰਜ਼ ਕਿਵੇਂ ਯਾਦ ਆਇਆ।'' ਸ਼ੱਕ ਦੀ ਨਿਗਾਹ ਨਾਲ ਦੇਖਦਿਆਂ ਮਿਨਾਕਸ਼ੀ ਨੇ ਪੁੱਛਿਆ।

ਉਸ ਨੇ ਕਿਹਾ, 'ਜਿਵੇਂ ਜਿਵੇਂ ਵਿਆਹ ਦਾ ਦਿਨ ਨੇੜੇ ਆ ਰਿਹਾ ਸੀ, ਮੇਰੇ ਮੂਹਰੇ ਮਾਸੂਮ ਭਾਬੀ ਦੀ ਸ਼ਕਲ ਘੁੰਮਣ ਲੱਗੀ। ਮੈਂ ਫੈਸਲਾ ਕੀਤਾ ਅਤੇ ਤੁਹਾਡੇ ਕੋਲ ਆ ਗਈ ਅਤੇ ਤੁਹਾਨੂੰ ਸੱਚਾਈ ਦੱਸ ਕੇ ਮੰਜੁਲਿਕਾ ਦੀ ਰੱਖਿਆ ਕਰਾਂ। ਇਸ ਵਿਆਹ ਵਿੱਚ ਅਭੈ ਤੇ ਪਿਤਾ ਜੀ ਦਾ ਲਾਲਚ ਹੈ ਕਿ ਤੁਸੀਂ ਬੈਂਕ ਮੈਨੇਜਰ ਹੋ, ਇਸ ਲਈ ਜਿੰਨਾ ਚਾਹੇ ਲੋਨ ਮਨਜ਼ੂਰ ਕਰਵਾ ਦਿਓਗੇ ਅਤੇ ਤੁਹਾਡਾ ਬੇਟਾ ਪੁਲਸ ਅਫਸਰ ਬਣਨ ਵਾਲਾ ਹੈ, ਜਿਸਦੀ ਸਹਾਇਤਾ ਨਾਲ ਨਿਸ਼ਾ ਦੇ ਕਤਲ ਦਾ ਕੇਸ ਦਬਾ ਦਿੱਤਾ ਜਾਵੇਗਾ।''

ਅਰਪਿਤਾ ਦੇ ਜਾਣ ਪਿੱਛੋਂ ਪਾਰੀਤੋਸ਼ ਕੋਲ ਸੋਚਣ ਦਾ ਵਕਤ ਨਹੀਂ ਸੀ। ਵਿਆਹ ਨਾ ਕਰਨ ਦਾ ਸੁਨੇਹਾ ਸ਼ਾਂਤੀ ਸਰੂਪ ਨੂੰ ਭੇਜ ਦਿੱਤਾ। ਅਗਲੇ ਸਾਲ ਮੰਜੁਲਿਕਾ ਦਾ ਵਿਆਹ ਅਕਸ਼ਤ ਨਾਲ ਟਰੇਨਿੰਗ ਕਰਦੇ ਇੱਕ ਆਈ ਪੀ ਐੱਸ ਅਧਿਕਾਰੀ ਨਾਲ ਕਰ ਦਿੱਤਾ ਗਿਆ।

ਘਟਨਾਵਾਂ ਨੇ ਨਵਾਂ ਮੋੜ ਲਿਆ। ਫੈਜ਼ਾਬਾਦ ਵਿੱਚ ਚੰਦਰ ਕੁਮਾਰ ਨਾਂਅ ਦੇ ਇੱਕ ਇਮਾਨਦਾਰ ਪੁਲਸ ਅਫਸਰ ਦੀ ਸੀਨੀਅਰ ਸੁਪਰਡੈਂਟ ਪੁਲਸ ਦੇ ਅਹੁਦੇ ਉਤੇ ਨਿਯੁਕਤੀ ਹੋ ਗਈ। ਉਨ੍ਹਾਂ ਨੇ ਨਿਸ਼ਾ ਦੇ ਪਿਤਾ ਦੀ ਸ਼ਿਕਾਇਤ ਵੱਲ ਧਿਆਨ ਦਿੱਤਾ। ਖੁਦ ਜਾਂਚ ਕਰ ਕੇ ਕਤਲ ਦੇ ਸਬੂਤ ਇਕੱਠੇ ਕੀਤੇ। ਗਲਤ ਜਾਂਚ ਕਰਨ ਵਾਲੇ ਅਧਿਕਾਰੀਆਂ ਨੂੰ ਸਜ਼ਾ ਦਿਵਾਈ ਤੇ ਸ਼ਾਂਤੀ ਸਰੂਪ ਅਤੇ ਅਭੈ ਨੂੰ ਗ੍ਰਿਫਤਾਰ ਕਰ ਕੇ ਦੋਵਾਂ ਨੂੰ ਜੇਲ੍ਹ ਭੇਜ ਦਿੱਤਾ। ਉਨ੍ਹਾਂ ਦੀ ਜਾਇਦਾਦ ਨਿਲਾਮ ਕਰਵਾ ਕੇ ਲੋਨ ਦੀ ਰਕਮ ਵਸੂਲ ਕਰਾਈ। ਅਖਬਾਰਾਂ ਵਿੱਚ ਸ਼ਾਂਤੀ ਸਰੂਪ ਅਤੇ ਅਭੈ ਬਾਰੇ ਪੜ੍ਹ ਕੇ ਪਾਰੀਤੋਸ਼ ਤੇ ਮਿਨਾਕਸ਼ੀ ਨੇ ਅਰਪਿਤਾ ਦੀਆਂ ਮਿਹਰਬਾਨੀਆਂ ਪ੍ਰਤੀ ਆਪਣੇ ਆਪ ਨੂੰ ਉਸ ਦਾ ਕਰਜ਼ਦਾਰ ਮਹਿਸੂਸ ਕੀਤਾ, ਜਿਸ ਕਾਰਨ ਉਨ੍ਹਾਂ ਦੀ ਧੀ ਬਰਬਾਦ ਹੋਣ ਤੋਂ ਬਚ ਗਈ ਸੀ। ਸ਼ਾਂਤੀ ਸਰੂਪ ਦੀ ਜਾਇਦਾਦ ਦੀ ਨੀਲਾਮੀ ਦੀ ਖਬਰ ਪੜ੍ਹ ਕੇ ਪਾਰੀਤੋਸ਼ ਨੂੰ ਹੁਣ ਅਰਪਿਤਾ ਦੀ ਚਿੰਤਾ ਹੋ ਗਈ। ਅਕਸ਼ਤ ਹੈਦਰਾਬਾਦ ਵਿਖੇ ਟਰੇਨਿੰਗ ਖਤਮ ਕਰ ਕੇ ਇੱਕ ਹਫਤੇ ਦੀ ਛੁੱਟੀ ਘਰ ਆਇਆ। ਛੁੱਟੀ ਖਤਮ ਹੋਣ 'ਤੇ ਉਹ ਮੁਰਾਦਾਬਾਦ ਪੁਲਸ ਟਰੇਨਿੰਗ ਕਾਲਜ ਚਲਾ ਗਿਆ। ਢਾਈ ਮਹੀਨਿਆਂ ਦੀ ਟਰੇਨਿੰਗ ਬਾਕੀ ਸੀ। ਪਾਰੀਤੋਸ਼ ਤੇ ਮਿਨਾਕਸ਼ੀ ਨੇ ਅਕਸ਼ਤ ਦੇ ਵਿਆਹ ਦੀ ਗੱਲ ਛੇੜੀ ਤਾਂ ਉਸ ਨੇ ਇਹ ਕਹਿ ਕੇ ਟਾਲਿਆ ਕਿ ਮੁਰਾਦਾਬਾਦ ਦੀ ਟਰੇਨਿੰਗ ਖਤਮ ਹੋ ਜਾਣ ਪਿੱਛੋਂ ਵਿਆਹ ਬਾਰੇ ਸੋਚਾਂਗਾ।

ਇੱਕ ਮਹੀਨਾ ਲੰਘਣ 'ਤੇ ਅਚਾਨਕ ਰਾਤ ਨੂੰ 11 ਵਜੇ ਅਕਸ਼ਤ ਦਾ ਫੋਨ ਆਇਆ। ਮਾਂ ਤੇ ਪਾਪਾ ਦਾ ਹਾਲ ਚਾਲ ਪੁੱਛਣ ਤੋਂ ਬਾਅਦ ਕਿਹਾ, ''ਪਾਪਾ ਤੁਸੀਂ ਤੇ ਮੰਮੀ ਪਰਸੋਂ ਸ਼ਾਮ ਤੱਕ ਇਥੇ ਜ਼ਰੂਰ ਪਹੁੰਚ ਜਾਣਾ।'' ਅਤੇ ਹੋਰ ਕੁਝ ਨਹੀਂ ਦੱਸਿਆ। ਪਾਰੀਤੋਸ਼ ਨੇ ਇੱਕ ਰੇਲਵੇ ਅਧਿਕਾਰੀ ਦੋਸਤ ਨੂੰ ਕਹਿ ਕੇ ਰਿਜ਼ਰਵੇਸ਼ਨ ਕਰਾਇਆ ਅਤੇ ਕਾਹਲੀ ਕਾਹਲੀ ਭੱਜ-ਦੌੜ ਕਰ ਕੇ ਪਤਨੀ ਸਹਿਤ ਮੁਰਾਦਾਬਾਦ ਪਹੁੰਚੇ। ਉਥੇ ਜਾ ਕੇ ਉਨਾਂ ਨੂੰ ਕੋਈ ਖਾਸ ਗੱਲ ਨਾ ਲੱਗੀ। ਅਕਸ਼ਤ ਨੇ ਅਗਲੇ ਦਿਨ ਹੋਣ ਵਾਲੀ ਸਬ ਇੰਸਪੈਕਟਰਾਂ ਦੀ ਪਾਸਿੰਗ ਆਊਟ ਪਰੇਡ ਦੇਖਣ ਲਈ ਸੱਦਿਆ ਸੀ। ਇਕੱਲੇ ਬੈਠੇ ਪਾਰੀਤੋਸ਼ ਆਪਣੇ ਪੁੱਤਰ ਦੇ ਇਸ ਬਚਪਨੇ ਵਾਲੀ ਗੱਲ 'ਤੇ ਗੁੱਸੇ 'ਚ ਬੋਲ ਰਹੇ ਸੀ ਕਿ ਇਹ ਵੀ ਕੋਈ ਗੱਲ ਹੈ ਐਵੇਂ ਪ੍ਰੇਸ਼ਾਨ ਕੀਤਾ।

ਅਗਲੇ ਦਿਨ ਸਬ ਇੰਸਪੈਕਟਰਾਂ ਦੀ ਪਾਸਿੰਗ ਆਊਟ ਪਰੇਡ ਸਮਾਰੋਹ ਵਿੱਚ ਪਾਰੀਤੋਸ਼ ਪਤਨੀ ਅਤੇ ਪੁੱਤਰ ਨਾਲ ਪੁੱਜੇ। ਪਰੇਡ ਸਮੇਂ ਸਲਾਮੀ ਦਿੰਦੇ ਹੋਏ ਮੰਚ ਦੇ ਸਾਹਮਣੇ ਤੋਂ ਜਦੋਂ ਸਾਰੇ ਕੈਡਿਟ ਨਿਕਲ ਗਏ ਤਾਂ ਇੱਕ ਲੜਕੀ ਨੂੰ ਦੇਖ ਕੇ ਮਿਨਾਕਸ਼ੀ ਨੇ ਪਤੀ ਨੂੰ ਕਿਹਾ, ''ਦੇਖੋ ਇਸ ਲੜਕੀ ਦਾ ਚਿਹਰਾ ਅਰਪਿਤਾ ਨਾਲ ਕਿੰਨਾ ਮਿਲਦਾ ਹੈ ਪਤਾ ਨਹੀਂ ਵਿਚਾਰੀ ਕਿੱਥੇ ਅਤੇ ਕਿਸ ਹਾਲ ਵਿੱਚ ਹੋਵੇਗੀ।' ਐਨਕ ਠੀਕ ਕਰਦੇ ਹੋਏ ਪਾਰੀਤੋਸ਼ ਨੇ ਕਿਹਾ, 'ਮਿਨਾਕਸ਼ੀ ਤੂੰ ਠੀਕ ਕਹਿ ਰਹੀ ਏਂ ਹੂ-ਬ-ਹੂ ਅਰਪਿਤਾ ਹੀ ਲੱਗਦੀ ਹੈ'' ਅਕਸ਼ਤ ਚੁੱਪਚਾਪ ਬੈਠਾ ਪਰੇਡ ਦੇਖਦਾ ਰਿਹਾ।

ਪਰੇਡ ਦੀ ਸਮਾਪਤੀ 'ਤੇ ਸਹੁੰ ਚੁੱਕ ਸਮਾਰੋਹ ਤੋਂ ਬਾਅਦ ਜਿਨ੍ਹਾਂ ਕੈਡਿਟਾਂ ਨੂੰ ਇਨਾਮ ਮਿਲਣਾ ਸੀ, ਨੂੰ ਬੁਲਾਇਆ ਗਿਆ। ਪਾਰੀਤੋਸ਼ ਤੇ ਮਿਨਾਕਸ਼ੀ ਨੇ ਦੇਖਿਆ ਕਿ ਇਨਾਮ ਪ੍ਰਾਪਤ ਕਰਨ ਵਾਲਿਆਂ ਵਿੱਚ ਅਰਪਿਤਾ ਦੀ ਹਮਸ਼ਕਲ ਲੜਕੀ ਵੀ ਸੀ। ਮਾਈਕ 'ਤੇ ਅਨਾਊਂਸ ਕੀਤਾ ਗਿਆ 'ਦਿ ਬੈਸਟ ਕੈਡਿਟ ਐਵਰਡ ਗੋਜ਼ ਟੂ ਮਿਸ ਅਰਪਿਤਾ' ਸੁਣ ਕੇ ਪਾਰੀਤੋਸ਼ ਅਤੇ ਮਿਨਾਕਸ਼ੀ ਹੈਰਾਨੀ ਨਾਲ ਦੇਖਣ ਲੱਗੇ। ਅਕਸ਼ਤ ਮੁਸਕਰਾ ਕੇ ਆਪਣੇ ਮਾਤਾ ਪਿਤਾ ਵੱਲ ਦੇਖ ਰਿਹਾ ਸੀ।

ਪਰੇਡ ਖਤਮ ਹੋਣ 'ਤੇ ਅਰਪਿਤਾ ਉਥੇ ਪੁੱਜੀ, ਜਿੱਥੇ ਦਰਸ਼ਕਾਂ ਵਿੱਚ ਅਕਸ਼ਤ ਤੇ ਉਸ ਦੇ ਮਾਤਾ ਪਿਤਾ ਬੈਠੇ ਹੋਏ ਸਨ। ਉਸ ਨੇ ਉਨ੍ਹਾਂ ਨੂੰ ਸਲੂਟ ਮਾਰਿਆ ਅਤੇ ਹੱਸਣ ਲੱਗੀ, ''ਸ਼ਾਬਾਸ਼ ਬੇਟੀ, ਆਈ ਐਮ ਵੈਰੀ ਪਰਾਊਡ ਆਫ ਯੂ ਮਾਈ ਗਰਲ'' ਪਾਰੀਤੋਸ਼ ਨੇ ਖੁਸ਼ੀ ਭਰੀ ਆਵਾਜ਼ 'ਚ ਕਿਹਾ।

''ਪਾਪਾ-ਮੰਮੀ ਮੈਂ ਅਰਪਿਤਾ ਨਾਲ ਵਿਆਹ ਕਰਵਾਉਣ ਲਈ ਆਪ ਦੀ ਰਜ਼ਾਮੰਦੀ ਚਾਹੁੰਦਾ ਹਾਂ। ਉਮੀਦ ਹੈ ਤੁਹਾਨੂੰ ਦੋਵਾਂ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ'' ਅਕਸ਼ਤ ਨੇ ਕਿਹਾ ''ਬੇਟੇ ਸਾਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੈ ਤੂੰ ਤਾਂ ਸਗੋਂ ਸਾਡੇ ਦਿਲ ਦੀ ਗੱਲ ਹੀ ਕਹਿ ਦਿੱਤੀ।'' ਦੋਵਾਂ ਨੇ ਇਕੱਠਿਆਂ ਹੀ ਕਿਹਾ।

''ਤੇ ਮੈਡਮ ਅਰਪਿਤਾ ਤੁਹਾਡਾ ਕੀ ਵਿਚਾਰ ਹੈ ਇਸ ਬਾਰੇ'' ਅਕਸ਼ਤ ਨੇ ਸ਼ਰਾਰਤ ਕਰਦਿਆਂ ਕਿਹਾ। ਅਰਪਿਤਾ ਨੇ ਸ਼ਰਮ ਨਾਲ ਨਜ਼ਰਾਂ ਝੁਕਾ ਲਈਆਂ।

''ਅਰਪਿਤਾ ਨੂੰ ਕਿਉਂ ਇਤਰਾਜ਼ ਹੋਵੇਗਾ'' ਮਿਨਾਕਸ਼ੀ ਨੇ ਕਿਹਾ।

''ਮੰਮੀ, ਅਰਪਿਤਾ ਨੂੰ ਇਤਰਾਜ਼ ਸੀ ਇਸ ਨੂੰ ਪੁੱਛੋ'' ਅਕਸ਼ਤ ਨੇ ਕਿਹਾ।

''ਮੰਮੀ, ਮੈਂ ਆਪਣੇ ਪੈਰਾਂ 'ਤੇ ਖੜ੍ਹੀ ਹੋਣਾ ਚਾਹੁੰਦੀ ਸੀ। ਮੈਂ ਨਹੀਂ ਚਾਹੁਦੀ ਸੀ ਕਿ ਕੋਈ ਮੇਰੇ 'ਤੇ ਤਰਸ ਕਰੇ। ਮੈਂ ਆਪਣੇ ਆਪ ਨੂੰ ਆਪਣੇ ਕਾਬਲ ਬਣਾਉਣਾ ਚਾਹੁੰਦੀ ਸੀ, ਇਸ ਲਈ ਮੈਂ ਪਹਿਲਾਂ ਵਿਆਹ ਤੋਂ ਨਾਂਹ ਕਰ ਦਿੱਤੀ ਸੀ। ਇਸ ਲਾਇਕ ਹੋ ਗਈ ਹਾਂ ਕਿ ਕਿਸੇ ਹੋਰ ਨਿਸ਼ਾ ਦਾ ਕਤਲ ਹੋਣ ਤੋਂ ਬਚਾ ਸਕਾਂ'' ਉਸ ਨੇ ਆਤਮ ਵਿਸ਼ਵਾਸ਼ ਨਾਲ ਕਿਹਾ।

''...ਪਰ ਤੁਸੀਂ ਦੋਵੇਂ ਮਿਲੇ ਕਿੱਥੇ ਸੀ'' ਮਿਨਾਕਸ਼ੀ ਨੇ ਹੈਰਾਨ ਹੁੰਦਿਆਂ ਪੁੱਛਿਆ। ਅਕਸ਼ਤ ਨੇ ਕਿਹਾ, ''ਜਦੋਂ ਇਹ ਬਹਾਦਰ ਤੇ ਦਲੇਰ ਕੁੜੀ ਕਮਰੇ 'ਚ ਤੁਹਾਡੇ ਨਾਲ ਗੱਲਾਂ ਕਰ ਰਹੀ ਸੀ ਤਾਂ ਮੈਂ ਤੁਹਾਡੇ ਕਮਰੇ 'ਚ ਆ ਰਿਹਾ ਸੀ ਤਾਂ ਕਮਰੇ ਦਾ ਦਰਵਾਜ਼ਾ ਬੰਦ ਦੇਖ ਕੇ ਮੈਂ ਵਾਪਸ ਜਾਣ ਵਾਲਾ ਸੀ ਕਿ ਇਸ ਦੀਆਂ ਅਭੈ ਬਾਰੇ ਸਾਰੀਆਂ ਗੱਲਾਂ ਮੇਰੇ ਕੰਨਾਂ ਨੇ ਸੁਣੀਆਂ ਤਾਂ ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕਿਆ। ਸਾਰੀਆਂ ਗੱਲਾਂ ਸੁਣਦਾ ਰਿਹਾ। ਮੈਂ ਇਸ ਨੂੰ ਕਿਹਾ ਕਿ ਉਹ ਘਰ ਵਾਪਸ ਚਲੀ ਜਾਵੇ, ਮੈਂ ਉਸ ਨਾਲ ਵਿਆਹ ਕਰਾਂਗਾ। ਇਹ ਕਹਿਣ ਲੱਗੀ, ''ਮੈਂ ਕਿਸੇ ਦੇ ਤਰਸ ਦੀ ਪਾਤਰ ਬਣ ਕੇ ਜਿਊਣਾ ਨਹੀਂ ਚਾਹੁੰਦੀ। ਜਦੋਂ ਮੈਂ ਪੈਰਾਂ 'ਤੇ ਖੜ੍ਹੀ ਹੋ ਜਾਵਾਂਗੀ ਤਾਂ ਮੇਰੇ ਨਾਲ ਵਿਆਹ ਕਰਨਾ। ਮੇਰੇ ਦਿਲ ਵਿੱਚ ਉਸ ਦੀ ਦਲੇਰੀ 'ਤੇ ਆਤਮ ਵਿਸ਼ਵਾਸ ਨੇ ਜਗ੍ਹਾ ਬਣਾ ਲਈ ਸੀ। ਮੈਂ ਪ੍ਰਣ ਕੀਤਾ ਕਿ ਵਿਆਹ ਕਰਾਂਗਾ ਤਾਂ ਅਰਪਿਤਾ ਨਾਲ ਹੀ ਕਰਾਂਗਾ।'' ਪਾਰੀਤੋਸ਼ ਤੇ ਮਿਨਾਕਸ਼ੀ ਨੇ ਅਕਸ਼ਤ ਅਤੇ ਅਰਿਪਤਾ ਨੂੰ ਗਲੇ ਲਾ ਲਿਆ।

## -ਰਸੋਈ-

### ਚੌਲਾਂ ਦੀ ਰਸ ਮਲਾਈ



ਸਮੱਗਰੀ-ਇੱਕ ਕਟੋਰੀ ਪਕੇ ਹੋਏ ਚੌਲ, ਇੱਕ ਲੀਟਰ ਦੁੱਧ, 50 ਗਰਾਮ ਚੀਨੀ, ਇੱਕ ਛੋਟਾ ਚਮਚ ਕਸਟਰਡ ਪਾਊਡਰ, ਪਿਸਤਾ ਤੇ ਬਾਦਾਮ ਗਾਰਨਿਸ਼ ਕਰਨ ਲਈ।

ਵਿਧੀ- ਚੌਲਾਂ ਦੀ ਰਸ ਮਲਾਈ ਬਣਾਉਣ ਦੇ ਲਈ ਸਭ ਤੋਂ ਪਹਿਲਾਂ ਪਕੇ ਹੋਏ ਚੌਲਾਂ ਨੂੰ ਸਿਲ ਜਾਂ ਚਕਲੇ ਉੱਤੇ ਬਰੀਕ ਪੀਸ ਲਓ। ਇਸ ਦੇ ਬਾਅਦ ਗੈਸ 'ਤੇ ਕੜਾਹੀ ਰੱਖ ਕੇ ਦੁੱਧ ਨੂੰ ਉਬਲਣ ਲਈ ਰੱਖ ਦਿਓ। ਜਦ ਤੱਕ ਦੁੱਧ ਗਰਮ ਹੋ ਰਿਹਾ ਹੈ, ਇੱਕ ਕਟੋਰੀ ਵਿੱਚ ਥੋੜ੍ਹਾ ਜਿਹਾ ਪਾਣੀ ਲੈ ਕੇ ਉਸ ਵਿੱਚ ਕਸਟਰਡ ਪਾਊਡਰ ਘੋਲ ਲਓ।

ਦੁੱਧ ਵਿੱਚ ਉਬਾਲ ਆਉਣ 'ਤੇ ਕਸਟਰਡ ਪਾਊਡਰ ਨੂੰ ਦੁੱਧ ਵਿੱਚ ਕੜਛੀ ਨਾਲ ਹਿਲਾਉਂਦੇ ਹੋਏ ਮਿਲਾਓ। ਇਸ ਦੇ ਬਾਅਦ ਪੰਜ ਮਿੰਟ ਤੱਕ ਦੁੱਧ ਉਬਾਲੋ, ਫਿਰ ਚੀਨੀ ਦੁੱਧ ਵਿੱਚ ਪਾ ਕੇ ਹਿਲਾਉਂਦੇ ਰਹੋ। ਜਦ ਦੁੱਧ ਥੋੜ੍ਹਾ ਗਾੜ੍ਹਾ ਹੋ ਜਾਏ, ਤਾਂ ਇਸ ਵਿੱਚ ਪੀਸੇ ਹੋਏ ਚਾਵਲ ਦੇ ਛੋਟੇ-ਛੋਟੇ ਪੇੜੇ ਬਣਾ ਕੇ ਪਾ ਦਿਓ। ਨਾਲ ਦੁੱਧ ਨੂੰ ਹੌਲੀ ਹੌਲੀ ਹਿਲਾਉਂਦੇ ਰਹੋ, ਨਹੀਂ ਤਾਂ ਕੜਾਹੀ ਦੇ ਤਲੇ ਵਿੱਚ ਦੁੱਧ ਲੱਗ ਜਾਏਗਾ। ਦੁੱਧ ਹਿਲਾਉਂਦੇ ਸਮੇਂ ਇਸ ਗੱਲ ਦਾ ਧਿਆਨ ਰੱਖੋ ਕਿ ਪੇੜੇ ਟੁੱਟਣ ਨਾ। ਦੁੱਧ ਥੋੜ੍ਹਾ ਹੋਰ ਗਾੜ੍ਹਾ ਹੋਣ 'ਤੇ ਗੈਸ ਨੂੰ ਬੰਦ ਕਰ ਦਿਓ ਅਤੇ ਉਸ ਨੂੰ ਠੰਢਾ ਹੋਣ ਦਿਓ। ਜਦ ਦੁੱਧ ਨਾਰਮਲ ਟੈਂਪਰੇਚਰ ਵਿੱਚ ਆ ਜਾਏ, ਉਸ ਨੂੰ ਇੱਕ ਘੰਟੇ ਲਈ ਫਰਿਜ਼ ਵਿੱਚ ਰੱਖ ਦਿਓ। ਤੁਹਾਡੀ ਸਵਾਦਿਸ਼ਟ ਚੌਲਾਂ ਦੀ ਰਸ ਮਲਾਈ ਤਿਆਰ ਹੈ। ਇੱਕ ਘੰਟੇ ਬਾਅਦ ਰਸ ਮਲਾਈ ਨੂੰ ਫਰਿਜ਼ 'ਚੋਂ ਕੱਢ ਕੇ ਕਤਰੇ ਹੋਏ ਬਾਦਾਮ ਤੇ ਪਿਸਤਾ ਪਾ ਕੇ ਸਰਵ ਕਰੋ।

# ਪੈਨਸ਼ਨ ਵਾਲੇ ਪੈਸੇ

-ਪ੍ਰਿੰਸੀਪਲ ਵਿਜੈ ਕੁਮਾਰ-

ਕੁਝ ਦਿਨ ਪਹਿਲਾਂ ਮੈਂ ਬਾਰ੍ਹਵੀਂ ਜਮਾਤ ਦਾ ਪੀਰੀਅਡ ਲੈ ਕੇ ਜਦੋਂ ਦਫਤਰ ਪਹੁੰਚਿਆ, ਮੇਰੇ ਸਕੂਲ ਦੀ ਸੇਵਾਦਾਰ ਨੇ ਮੈਨੂੰ ਕਿਹਾ, 'ਸਰ ਦਫਤਰ ਵਿੱਚ ਇੱਕ ਬਜ਼ੁਰਗ ਪੈਤੀਂ-ਚਾਲੀ ਮਿੰਟ ਤੋਂ ਤੁਹਾਡੀ ਉਡੀਕ ਕਰ ਰਿਹਾ ਹੈ।'

ਮੈਂ ਸੋਚਿਆ ਕਿ ਉਸ ਬਜ਼ੁਰਗ ਨੂੰ ਆਪਣਾ ਕੋਈ ਨਿੱਜੀ ਕੰਮ ਹੋਵੇਗਾ। ਮੈਂ ਕੁਰਸੀ 'ਤੇ ਬੈਠਦਿਆਂ ਹੀ ਉਸ ਬਜ਼ੁਰਗ ਨੂੰ ਸਵਾਲ ਕੀਤਾ, 'ਦੱਸੋ ਜੀ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ? ਪਾਣੀ, ਚਾਹ ਵਗੈਰਾ ਲਓਗੇ?'

ਉਹ ਬਜ਼ੁਰਗ ਅੱਗੋਂ ਬੋਲਿਆ, 'ਸਰ ਪਾਣੀ ਤਾਂ ਮੈਂ ਆਉਂਦਿਆਂ ਹੀ ਪੀ ਲਿਆ। ਮੈਂ ਇੱਕ ਦਫਤਰ ਦਾ ਦਰਜਾ ਚਾਰ ਕਰਮਚਾਰੀ ਸੇਵਾ ਮੁਕਤ ਹੋਇਆ ਹਾਂ। ਮੈਨੂੰ ਸਰਕਾਰ ਚੰਗੀ ਪੈਨਸ਼ਨ ਦੇ ਦਿੰਦੀ ਹੈ। ਪੁੱਤਰ, ਪੋਤਰੇ, ਪੋਤੀਆਂ ਅਤੇ ਧੀਆਂ ਰੱਬ ਦੀ ਕਿਰਪਾ ਨਾਲ ਆਪਣੇ ਜੋਗਾ ਕਮਾ ਲੈਂਦੇ ਹਨ। ਸਭ ਆਪੋ-ਆਪਣੇ ਪਰਵਾਰ ਵਾਲੇ ਹਨ। ਮੇਰੀ 85 ਸਾਲ ਦੀ ਉਮਰ ਹੈ। ਮੈਂ ਤੁਹਾਡੇ ਸਕੂਲ ਦੀਆਂ ਵੀਹ ਕੁ ਵਿਦਿਆਰਥਣਾਂ ਨੂੰ ਵਰਦੀਆਂ ਲੈ ਕੇ ਦੇਣਾ ਚਾਹੁੰਦਾ ਹਾਂ। ਮੈ ਤੋਂ ਪੈਸੇ ਲੈ ਲਓ। ਵਰਦੀਆਂ ਆਪਣੇ ਆਪ ਬਣਵਾ ਦਿਓ।''

ਮੈਂ ਖੁਦ ਵੀ ਚਾਹ ਪੀਣੀ ਸੀ। ਮੈਂ ਆਪਣੀ ਸੇਵਾਦਾਰ ਨੂੰ ਦੋ ਕੱਪ ਚਾਹ ਲਿਆਉਣ ਲਈ ਕਿਹਾ। ਚਾਹ ਪੀਣ ਦਾ ਤਾਂ ਬਹਾਨਾ ਸੀ। ਮੈਂ ਉਸ ਬਜ਼ੁਰਗ ਬਾਰੇ ਹੋਰ ਜਾਨਣ ਦਾ ਚਾਹਵਾਨ ਸਾਂ। ਮੈਂ ਉਸ ਨੂੰ ਸਵਾਲ ਕੀਤਾ, ''ਤੁਸੀਂ ਕਿੱਥੇ ਰਹਿੰਦੇ ਹੋ ਤੇ ਸਕੂਲ ਤੱਕ ਕਿਵੇਂ ਪਹੁੰਚੇ ਹੋ?''

ਉਸ ਨੇ ਅੱਗੋਂ ਕਿਹਾ, ''ਸਰ, ਮੈਂ ਛੇ-ਸੱਤ ਕਿਲੋਮੀਟਰ ਦੂਰ ਇੱਕ ਪਿੰਡ ਦਾ ਰਹਿਣਾ ਵਾਲਾ ਹਾਂ। ਮੈਂ ਜਿੱਥੇ ਜਾਣਾ-ਆਉਣਾ ਹੁੰਦਾ ਹੈ, ਸਾਈਕਲ 'ਤੇ ਜਾਂਦਾ ਹਾਂ। ਮੈਨੂੰ ਕੋਈ ਬਿਮਾਰੀ ਨਹੀਂ ਹੈ। ਪਤਨੀ ਰੱਬ ਨੂੰ ਪਿਆਰੀ ਹੋ ਚੁੱਕੀ ਹੈ। ਪੁੱਤਰ, ਪੋਤਰੇ ਰੱਬ ਦਾ ਰੂਪ ਹਨ। ਮੈਥੋਂ ਕੋਈ ਕੁਝ ਨਹੀਂ ਲੈਂਦਾ। ਨੂੰਹਾਂ, ਧੀਆਂ ਤੋਂ ਵੱਧ ਕੇ ਸੇਵਾ ਕਰਦੀਆਂ ਹਨ। ਵੱਡਾ ਪੁੱਤਰ ਤਾਂ ਜਿਸ ਦਿਨ ਮਿਲਣ ਆਉਂਦਾ ਹੈ, ਹਜ਼ਾਰ, ਦੋ ਹਜ਼ਾਰ ਮੱਲੋ-ਮੱਲੀ ਜੇਬ ਵਿੱਚ ਪਾ ਜਾਂਦਾ ਹੈ।''

ਬਜ਼ੁਰਗ ਦੀਆਂ ਗੱਲਾਂ ਸੁਣ ਕੇ ਮੈਨੂੰ ਇੰਝ ਲੱਗ ਰਿਹਾ ਸੀ ਕਿ ਜਿਵੇਂ ਇਹ ਸਾਰਾ ਕੁਝ ਵਿਸ਼ਵਾਸ ਕਨਰ ਵਾਲਾ ਨਾ ਹੋਵੇ। ਉਹ ਮੈਨੂੰ ਆਪਣੇ ਬਾਰੇ ਦੱਸ ਹੀ ਰਿਹਾ ਸੀ ਕਿ ਅਚਾਨਕ ਉਸ ਦੀ ਜੇਬ ਵਿਚਲੇ ਮੋਬਾਈਲ ਦੀ ਘੰਟੀ ਵੱਜੀ। ਅੱਗੋਂ ਉਸ ਦੀ ਨੂੰਹ ਬੋਲੀ। ਬਜ਼ੁਰਗ ਨੇ ਉਸ ਨੂੰ ਕਿਹਾ, ''ਬੇਟਾ, ਫਿਕਰ ਨਾ ਕਰੋ, ਮੈਂ ਠੀਕ ਠਾਕ ਹਾਂ। ਦੋ ਕੁ ਘੰਟੇ ਤੱਕ ਘਰ ਪਹੁੰਚ ਜਾਵਾਂਗਾ।''

ਨੂੰਹ ਨਾਲ ਗੱਲ ਪੂਰੀ ਕਰਨ ਤੋਂ ਬਾਅਦ ਉਸ ਨੇ ਦੱਸਿਆ, ''ਪ੍ਰਿੰਸੀਪਲ ਸਾਹਿਬ, ਮੈਂ ਜਦੋਂ ਘਰ ਤੋਂ ਬਾਹਰ ਜਾਂਦਾ ਹਾਂ। ਮੇਰੀਆਂ ਨੂੰਹਾਂ ਇੱਕ ਦੋ ਵਾਰ ਫੋਨ ਕਰ ਕੇ ਮੇਰੀ ਸੁੱਖ ਸਾਂਦ ਜ਼ਰੂਰ ਪੁੱਛਦੀਆਂ ਰਹਿੰਦੀਆਂ ਹਨ।''

ਮੇਰਾ ਉਸ ਨੂੰ ਅਗਲਾ ਸਵਾਲ ਸੀ ਕਿ ਉਸ ਨੇ ਬੱਚਿਆਂ ਨੂੰ ਵਰਦੀਆਂ ਦੇਣ ਲਈ ਸਾਡਾ ਸਕੂਲ ਕਿਉਂ ਚੁਣਿਆ? ਉਨ੍ਹਾਂ ਦੱਸਿਆ, ''ਸਰ ਕੁਝ ਦਿਨ ਪਹਿਲਾਂ ਮੈਂ ਤੁਹਾਡੇ ਸਕੂਲ ਦੇ ਨਤੀਜਿਆਂ ਬਾਰੇ ਅਖਬਾਰ ਵਿੱਚ ਪੜ੍ਹਿਆ ਸੀ। ਮੇਰੇ ਪਿੰਡ ਦੀਆਂ ਕੁੜੀਆਂ ਤੁਹਾਡੇ ਸਕੂਲ ਵਿੱਚ ਆਉਂਦੀਆਂ ਹਨ। ਲੋਕਾਂ ਤੋਂ ਪਤਾ ਲੱਗਦਾ ਹੈ ਕਿ ਤੁਹਾਡਾ ਸਟਾਫ ਬਹੁਤ ਮਿਹਨਤੀ ਹੈ। ਵਿਦਿਆ ਤੋਂ ਵੱਡਾ ਕੋਈ ਦਾਨ ਨਹੀਂ। ਮੈਂ ਸੋਚਿਆ ਕਿ ਇਸ ਯੱਗ ਵਿੱਚ ਮੈਂ ਵੀ ਆਹੂਤੀ ਪਾ ਦੇਵਾਂ।''

ਉਸ ਬਜ਼ੁਰਗ ਦਾ ਸਬਰ, ਸੰਤੋਖ ਤੇ ਉਸ ਦੀ ਸੋਚ ਨੂੰ ਵੇਖ ਕੇ ਹਰ ਕੋਈ ਉਸ ਨੂੰ ਸਲਾਮ ਕਰਨਾ ਚਾਹੇਗਾ। ਉਸ ਦੀ ਲੰਮੀ ਉਮਰ ਲਈ ਪ੍ਰਮਾਤਮਾ ਨੂੰ ਦੁਆ ਕਰਾਂਗਾ। ਮੈਂ ਉਸ ਨੂੰ ਅੱਗੋਂ ਪੁੱਛਿਆ, ''ਤੁਹਾਨੂੰ ਇਹ ਸਾਰਾ ਕੁਝ ਕਰਨ ਦੀ ਪ੍ਰੇਰਨਾ ਕਿੱਥੋਂ ਮਿਲੀ?''

ਉਹ ਬੋਲਿਆ, ''ਸਰ, ਮੈਂ ਅਤਿ ਦੀ ਗਰੀਬੀ ਵੇਖੀ ਹੈ, ਗਰੀਬੀ ਨੇ ਪੜ੍ਹਨ ਨਹੀਂ ਦਿੱਤਾ। ਪਿਤਾ ਜੀ ਕਹਿੰਦੇ ਸਨ ਕਿ ਲਾਲਚ ਅਤੇ ਬੇਈਮਾਨੀ ਨਾਲੋਂ ਵੱਡਾ ਕੋਈ ਰੋਗ ਨਹੀਂ। ਬਿਮਾਰੀਆਂ ਉੱਤੇ ਪੈਸੇ ਲਾਉਣ ਨਾਲੋਂ ਦਾਨ ਕਰ ਦਿਓ। ਇਸ ਨਾਲ ਅਗਲਾ ਜਨਮ ਵੀ ਸੁਧਰਦਾ ਹੈ। ਪਿਤਾ ਜੀ ਉਦੋਂ ਵੀ ਦਾਨ ਕਰਦੇ ਸਨ, ਜਦੋਂ ਕੋਲ ਕੁਝ ਨਹੀਂ ਸੀ, ਅੱਜ ਤਾਂ ਰੱਬ ਦੀ ਆਪਾਰ ਕਿਰਪਾ ਹੈ। ਰੱਬ ਨੇ ਏਨਾ ਸਬਰ ਦਿੱਤਾ ਹੈ ਕਿ ਮੈਂ ਉਸ ਮਹਿਕਮੇ ਵਿੱਚੋਂ ਸੇਵਾਮੁਕਤ ਹੋਇਆ ਹਾਂ, ਜਿੱਥੇ ਰਿਸ਼ਵਤ ਮੰਗਣੀ ਨਹੀਂ ਪੈਂਦੀ, ਸਗੋਂ ਲੋਕ ਮੱਲੋ ਮੱਲੀ ਜੇਬ ਵਿੱਚ ਪਾਉਂਦੇ ਸਨ, ਪਰ ਮੈਂ ਆਪਣੀ ਸੇਵਾ ਦੌਰਾਨ ਕਿਸੇ ਤੋਂ ਚਾਹ ਦਾ ਕੱਪ ਵੀ ਨਹੀਂ ਪੀਤਾ। ਲੋਕ ਅੱਜ ਵੀ ਮਿਲਣ ਲਈ ਆਉਂਦੇ ਹਨ। ਬੱਸ, ਪਿਤਾ ਜੀ ਦੀ ਨਸੀਹਤ ਪੱਲੇ ਬੰਨ੍ਹੀ ਹੋਈ ਹੈ।''

ਉਸ ਬਜ਼ੁਰਗ ਨੇ ਕੇਵਲ ਵਰਦੀਆਂ ਦੇ ਪੈਸੇ ਹੀ ਨਹੀਂ ਦਿੱਤੇ, ਸਗੋਂ ਜਾਂਦਾ ਹੋਇਆ ਇਹ ਵੀ ਕਹਿ ਗਿਆ ਕਿ ਮੇਰਾ ਫੋਨ ਨੰਬਰ ਨੋਟ ਕਰ ਲਓ, ਜੇ ਕੋਈ ਬੱਚਾ ਫੀਸ ਨਾ ਦੇ ਸਕੇ ਤਾਂ ਦੱਸ ਦਿਓ। ਉਹ ਆਪਣਾ ਫਰਜ਼ ਨਿਭਾ ਕੇ ਚਲਾ ਗਿਆ, ਪਰ ਮੇਰੇ ਲਈ ਕਈ ਸਵਾਲ ਛੱਡ ਗਿਆ। ਮੇਰੀ ਨਜ਼ਰ ਵਿੱਚ ਉਹ ਲੋਕ ਹਨ, ਜਿਨ੍ਹਾਂ ਨੂੰ ਸੇਵਾਮੁਕਤ ਹੋਣ ਤੋਂ ਬਾਅਦ ਵੀ ਸਰਕਾਰੀ ਖਜ਼ਾਨੇ ਵਿੱਚੋਂ ਬਹੁਤ ਚੰਗੀ ਰਕਮ ਪੈਨਸ਼ਨ ਵਜੋਂ ਮਿਲਦੀ ਹੈ। ਕਈ ਵਾਰ ਲੱਖਾਂ ਰੁਪਏ ਬਕਾਏ ਵਜੋਂ ਮਿਲ ਜਾਂਦੇ ਹਨ, ਪਰ ਮਰਦੇ ਦਮ ਤੱਕ ਗਰੀਬ ਰਹਿੰਦੇ ਹਨ। ਰੱਬ ਨੇ ਉਨ੍ਹਾਂ ਨੂੰ ਦਾਨ ਕਰਨ ਦਾ ਹੁਕਮ ਨਹੀਂ ਦਿੱਤਾ ਹੁੰਦਾ। ਉਹ ਅਕਾਲ ਪੁਰਖ ਉਨ੍ਹਾਂ ਤੋਂ ਸ਼ੂਗਰ, ਬੀ ਪੀ, ਗੋਡਿਆਂ ਦੀਆਂ ਬਿਮਾਰੀਆਂ ਉਤੇ ਖਰਚ ਕਰਾਉਂਦਾ ਹੈ। ਮੈਂ ਸੇਵਾ ਮੁਕਤ ਅਧਿਆਪਕਾ ਤੋਂ ਜਿਸ ਕੋਲ ਕਰੋੜਾਂ ਰੁਪਏ ਹਨ, ਸਕੂਲ ਲਈ ਦਾਨ ਮੰਗ ਬੈਠਿਆ। ਉਸ ਨੇ ਸਾਰੇ ਸ਼ਹਿਰ ਵਿੱਚ ਮੇਰੀ ਮਿੱਟੀ ਪੁੱਟ ਦਿੱਤੀ। ਮੇਰੇ ਸਕੂਲ ਦੀ ਦਰਜਾ ਚਾਰ ਕਰਮਚਾਰੀ ਨੇ ਆਪਣੀ ਸੇਵਾਮੁਕਤੀ ਤੇ ਆਪਣੀ ਪਹੁੰਚ ਤੋਂ ਬਾਹਰ ਹੋ ਕੇ ਦਾਨ ਦਿੱਤਾ। ਦਾਨ ਕਰਨ ਲਈ ਜ਼ਰੂਰ ਨਹੀਂ ਬੰਦੇ ਕੋਲ ਲੱਖਾਂ ਹੋਣ, ਪਰ ਉਸ ਦਾ ਦਿਲ ਬਾਦਸ਼ਾਹਾਂ ਵਾਲਾ ਹੋਣਾ ਬਹੁਤ ਜ਼ਰੂਰੀ ਹੈ। ਇੱਕ ਮੁਸ਼ਕਲ ਨਾਲ ਗੁਜ਼ਾਰਾ ਕਰਦੀ ਬੁੱਢੀ ਮਾਂ ਨੇ ਕੂਲ ਦੀ ਇਮਾਰਤ ਬਣਦਿਆਂ ਵੇਖ ਸਕੂਲ ਨੂੰ ਇੱਕੀ ਸੌ ਰੁਪਏ ਦਾਨ ਦਿੱਤਾ। ਸਕੂਲ ਵਾਲਿਆਂ ਨੇ ਵੀ ਘੱਟ ਨਹੀਂ ਕੀਤੀ। ਉਨ੍ਹਾਂ ਆਪਣੇ ਕੋਲੋਂ ਤਿੰਨ ਹਜ਼ਾਰ ਰੁਪਏ ਪਾ ਕੇ ਉਸ ਦੇ ਨਾਂਅ ਦਾ ਇਕਵੰਜਾ ਸੌ ਰੁਪਏ ਦਾ ਪੱਥਰ ਲਵਾ ਦਿੱਤਾ।

# ਹਲਕਾ ਫੁਲਕਾ



ਡਾਕਟਰ ਨੇ ਔਰਤ ਦੇ ਮੂੰਹ ਵਿੱਚ ਥਰਮਾਮੀਟਰ ਰੱਖਿਆ ਅਤੇ ਕੁਝ ਦੇਰ ਮੂੰਹ ਬੰਦ ਰੱਖਣ ਲਈ ਕਿਹਾ।

ਪਤਨੀ ਨੂੰ ਚੁੱਪ ਦੇਖ ਕੇ ਪਤੀ ਤੋਂ ਰਿਹਾ ਨਾ ਗਿਆ ਅਤੇ ਉਸ ਨੇ ਪੁੱਛ ਹੀ ਲਿਆ, ''ਡਾਕਟਰ ਸਾਹਿਬ, ਇਹ ਚੀਜ਼ ਕਿੰਨੇ-ਕੁ ਦੀ ਆਉਂਦੀ ਹੈ?''

*********

ਅਧਿਆਪਕਾ, ''ਜੇ ਆਪਣਾ ਕਰੈਕਟਰ ਸੁਧਾਰਨਾ ਚਾਹੁੰਦੇ ਹੋ ਤਾਂ ਆਪਣੀ ਟੀਚਰ ਨੂੰ ਆਪਣੀ ਮਾਂ ਸਾਮਾਨ ਸਮਝੋ।''

ਵਿਦਿਆਰਥੀ, ''ਕੀ ਗੱਲ ਕਰਦੇ ਹੋ ਮੈਡਮ, ਫਿਰ ਇਸ ਨਾਲ ਤਾਂ ਸਾਡੇ ਪਾਪਾ ਦਾ ਕਰੈਕਟਰ ਖਰਾਬ ਹੋ ਜਾਵੇਗਾ।''

*********


ਸੁਨੀਤਾ, ''ਮੋਟਾਪਾ ਵਧ ਰਿਹਾ ਹੈ, ਇਸ ਲਈ ਅੱਜਕੱਲ੍ਹ ਬਾਹਰ ਖਾਣਾ ਬਿਲਕੁਲ ਬੰਦ ਕਰ ਦਿੱਤਾ ਹੈ।''

ਵਿਨੀਤਾ, ''...ਤਾਂ ਕੀ ਫਾਸਟ ਫੂਡ ਖਾਂਦੀ ਹੀ ਨਹੀਂ?''

ਸੁਨੀਤਾ, ''ਪੈਕ ਕਰਵਾ ਕੇ ਘਰ ਲੈ ਆਉਂਦੀ ਹਾਂ, ਫਿਰ ਖਾਂਦੀ ਹਾਂ।''

General ਵੱਰਕਰਾਂ ਦੀ ਤੁਰੰਤ ਲੋੜ ਹੈ
ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ
Galvanizing plant located in Acton, ON
ਸਾਰੀਆਂ Shifts available ਹਨ
ਦਿਤੀਆਂ ਜਾਣ ਵਾਲੀਆਂ ਸਹੂਲਤਾਂ:
◦Starting wage $16/hr + Medical Benefits
◦Company Pension Plan
◦Quarterly Incentive bonus
Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਕੁੜੱਤਣ ਤੇ ਨਫਰਤ ਨਾਲ ਸਾਕਾਰਾਤਮਕ ਤੇ ਲਾਹੇਵੰਦ ਨਤੀਜੇ ਨਹੀਂ ਨਿਕਲਦੇ

-ਆਕਾਰ ਪਟੇਲ

ਛੇ ਦਸੰਬਰ 1992 ਨੂੰ ਮੇਰੇ 23ਵੇਂ ਜਨਮ ਦਿਨ 'ਚ ਕੁਝ ਦਿਨ ਬਾਕੀ ਸਨ। ਉਸ ਸ਼ਾਮ ਮੈਂ ਆਪਣੇ ਦੋਸਤ ਰਾਜੀਵ ਦੇਸਾਈ ਦੇ ਘਰ ਸੀ ਅਤੇ ਉਸ ਨੇ ਮੈਨੂੰ ਕਿਹਾ ਕਿ ਬਾਬਰੀ ਮਸਜਿਦ ਨੂੰ ਡੇਗ ਦਿੱਤਾ ਗਿਆ ਹੈ।

ਮੈਂ ਇਹ ਸੋਚ ਕੇ ਹੈਰਾਨ ਹੋ ਗਿਆ ਕਿ ਕੁਝ ਨਵਾਂ ਅਤੇ ਹਿੰਸਕ ਹੋਇਆ ਹੈ। ਅਗਲੇ ਦਿਨ ਮੈਂ ਸੂਰਤ ਦੀ ਕੱਪੜਾ ਮਾਰਕੀਟ 'ਚ ਆਪਣੀ ਛੋਟੀ ਜਿਹੀ ਦੁਕਾਨ ਖੋਲ੍ਹਣ ਗਿਆ ਤਾਂ ਸਾਰੀਆਂ ਦੁਕਾਨਾਂ ਬੰਦ ਸਨ। ਮੈਂ ਇਹ ਪੁੱਛਣ ਲਈ ਆਪਣੇ ਪਿਤਾ ਨੂੰ ਫੋਨ ਕੀਤਾ ਕਿ ਮੈਂ ਕੀ ਕਰਾਂ ਅਤੇ ਉਨ੍ਹਾਂ ਨੇ ਕਿਹਾ ਕਿ ਮੈਨੂੰ ਕੁਝ ਦੇਰ ਉਡੀਕ ਕਰਨੀ ਅਤੇ ਫਿਰ ਪਰਤ ਆਉਣਾ ਚਾਹੀਦਾ ਹੈ। ਪਰਤਦੇ ਸਮੇਂ ਇੱਕ ਕਲੋਨੀ 'ਚ ਮੇਰੀ ਬਾਈਕ ਨੂੰ ਰੋਕ ਕੇ ਮੇਰੇ ਤੋਂ ਮੇਰਾ ਨਾਂਅ ਪੁੱਛਿਆ ਗਿਆ। ਮੈਂ ਆਪਣਾ ਨਾਂਅ ਦੱਸਿਆ ਅਤੇ ਫਿਰ ਉਸ ਵਿਅਕਤੀ ਨੇ ਕਿਹਾ ਕਿ "ਕ੍ਰਿਪਾ ਕਰ ਕੇ ਦੁਬਾਰਾ ਇਥੇ ਵਾਪਸ ਨਾ ਆਉਣਾ।"

ਆਪਣੇ 8ਵੀਂ ਮੰਜ਼ਿਲ 'ਤੇ ਫਲੈਟ ਤੋਂ ਮੈਂ ਦੇਖ ਸਕਦਾ ਸੀ ਕਿ ਬਾਅਦ ਦੁਪਹਿਰ ਇੱਕ ਵਜੇ ਤੱਕ ਸੂਰਤ 'ਚ ਕਈ ਥਾਵਾਂ ਉਤੇ ਧੂੰਏਂ ਦੇ ਗੁਬਾਰ ਉਠ ਰਹੇ ਸਨ। ਇਸ ਤੋਂ ਪਹਿਲਾਂ ਮੈਂ ਕਦੇ ਵੀ ਇੰਨੀ ਵੱਡੀ ਪੱਧਰ 'ਤੇ ਹਿੰਸਾ ਨਹੀਂ ਦੇਖੀ ਸੀ ਅਤੇ ਨਹੀਂ ਸੋਚਿਆ ਸੀ ਕਿ ਕੁਝ ਦਿਨਾਂ 'ਚ 500 ਤੋਂ ਵੱਧ ਲੋਕਾਂ, ਜ਼ਿਆਦਾਤਰ ਮੁਸਲਮਾਨਾਂ ਨੂੰ ਸ਼ਹਿਰ ਵਿੱਚ ਕੱਟ ਦਿੱਤਾ ਜਾਵੇਗਾ। ਇਹ ਧੂੰਏਂ ਦੇ ਗੁਬਾਰ ਮੁਸਲਮਾਨਾਂ ਦੇ ਘਰਾਂ ਤੇ ਕਾਰੋਬਾਰੀ ਅਦਾਰਿਆਂ ਤੋਂ ਉਠ ਰਹੇ ਸਨ, ਜਿਨ੍ਹਾਂ ਨੂੰ ਯੋਜਨਾਬੱਧ ਢੰਗ ਨਾਲ ਲੁੱਟਿਆ ਅਤੇ ਸਾੜਿਆ ਜਾ ਰਿਹਾ ਸੀ। ਨਿਸ਼ਚਿਤ ਤੌਰ 'ਤੇ ਮੇਰਾ ਰੋਮਾਂਚ ਉਸ ਸਮੇਂ ਹਵਾ ਹੋ ਗਿਆ, ਜਦੋਂ ਮੈਨੂੰ ਅਹਿਸਾਸ ਹੋਇਆ ਕਿ ਕੁਝ ਨਵਾਂ ਤੇ ਹਿੰਸਕ ਜ਼ਰੂਰ ਹੋਇਆ ਹੈ, ਪਰ ਇਹ ਕਿਸੇ ਵੀ ਤਰ੍ਹਾਂ ਸਾਕਾਰਾਤਮਕ ਨਹੀਂ ਸੀ।

ਅਸੀਂ ਮੁਸਲਮਾਨਾਂ ਨੂੰ ਢਾਂਚਾ ਡੇਗਣ ਤੋਂ ਬਾਅਦ ਉਨ੍ਹਾਂ ਨੂੰ ਸਜ਼ਾ ਦੇ ਰਹੇ ਸੀ। ਕਿਉਂ? ਇਸ ਦਾ ਜਵਾਬ ਦੇਣਾ ਆਸਾਨ ਨਹੀਂ ਸੀ। ਲੇਖਕ ਵੀ ਐਸ ਨਾਇਪਾਲ, ਜੋ ਕੋਈ ਵੀ ਭਾਰਤੀ ਭਾਸ਼ਾ ਨਹੀਂ ਬੋਲਦੇ ਸਨ, ਪਰ ਸਾਡੇ ਸਮਾਜ ਨੂੰ ਕਾਫੀ ਡੂੰਘਾਈ ਨਾਲ ਸਮਝਣ ਦੇ ਸਮਰੱਥ ਸਨ, ਨੇ ਮਹਿਸੂਸ ਕੀਤਾ ਕਿ ਮਸਜਿਦ ਦੇ ਵਿਰੁੱਧ ਅੰਦੋਲਨ ਸਾਕਾਰਾਤਮਕ ਚੀਜ਼ ਸੀ। ਉਨ੍ਹਾਂ ਦਾ ਸਪੱਸ਼ਟੀਕਰਨ ਇਹ ਸੀ ਕਿ ਭਾਰਤੀ ਸਮਾਜ ਉਸੇ ਰਸਤੇ 'ਤੇ ਸੀ, ਜਿਸ 'ਤੇ ਇਸ ਨੂੰ ਹੋਣਾ ਚਾਹੀਦਾ ਸੀ; ਭਾਵ ਗਰੀਬ, ਗੰਦਾ ਅਤੇ ਗੈਰ-ਕਲਪਨਾਸ਼ੀਲ, ਕਿਉਂਕਿ ਹਿੰਦੂ ਮਾਨਸਿਕਤਾ ਬਸਤੀਵਾਦੀ ਰਹੀ ਹੈ ਤੇ ਇਸ ਨੂੰ ਉਸ ਤੋਂ ਆਜ਼ਾਦ ਹੋਣ ਦੀ ਲੋੜ ਸੀ। ਤਬਾਹੀ ਦੇਕਾਰਨ ਪੈਦਾ ਹਿੰਸਾ ਅਤੇ ਊਰਜਾ ਸਾਕਾਰਾਤਮਕ ਬੌਧਿਕ ਤਬਦੀਲੀ ਲਿਆਏਗੀ।

ਇਹ ਬੌਧਿਕਤਾ 'ਤੇ ਨਹੀਂ, ਸਗੋਂ ਉਨ੍ਹਾਂ ਦੇ ਤਜਰਬਿਆਂ 'ਤੇ ਆਧਾਰਤ ਸੀ। ਜੇ ਕੋਈ ਇਸ ਬਾਰੇ ਗੰਭੀਰਤਾ ਪੂਰਵਕ ਸੋਚੇ ਤਾਂ ਇਹ ਕਾਫੀ ਬੇਹੂਦਾ ਹੈ। ਇਸ ਤੋਂ ਇਹ ਅਨੁਮਾਨ ਲੱਗਦਾ ਹੈ ਕਿ ਵੱਖ-ਵੱਖ ਸਾਮਰਾਜਾਂ-ਅਫਗਾਨ, ਤੁਰਕ, ਮੁਗਲ ਤੇ ਪਰਸ਼ੀਅਨਾਂ ਵੱਲੋਂ ਜਿੰਨੀਆਂ ਵੀ ਸਦੀਆਂ ਤੱਕ ਸ਼ਾਸਨ ਕੀਤਾ ਗਿਆ, ਉਨ੍ਹਾਂ 'ਚ ਉਹ ਸਾਰੇ ਇੱਕ ਦੂਜੇ ਨਾਲ ਲੜਦੇ ਰਹੇ, ਜੋ ਇੱਕ ਲਗਾਤਾਰ ਚੱਲਣ ਵਾਲੀ ਚੀਜ਼ ਸੀ। ਇਸ ਤੋਂ ਇਹ ਅਨੁਮਾਨ ਲੱਗਦਾ ਹੈ ਕਿ ਬਸਤੀਵਾਦੀ ਸ਼ਾਸਕ, ਜੋ ਮੁਸਲਮਾਨ ਨਹੀਂ ਸਨ (ਮਿਸਾਲ ਵਜੋਂ ਬੜੌਦਾ ਵਿੱਚ ਮਰਾਠਾ ਗਾਇਕਵਾੜ ਜਾਂ ਗਵਾਲੀਅਰ 'ਚ ਸਿੰਧੀਆ), ਵੱਖ ਸਨ ਅਤੇ ਉਨ੍ਹਾਂ ਨੇ ਆਪਣੀ ਜਨਤਾ 'ਤੇ ਨਾ ਕੋਈ ਟੈਕਸ ਲਾਇਆ ਅਤੇ ਨਾ ਉਸ ਦਾ ਦਮਨ ਕੀਤਾ ਸੀ। ਇਸ ਤੋਂ ਇਹ ਵੀ ਅਨੁਮਾਨ ਲੱਗਦਾ ਹੈ ਕਿ ਭਾਰਤ ਦੇ ਸਾਰੇ ਹਿੱਸਿਆਂ 'ਤੇ ਮੁਸਲਮਾਨਾਂ ਦਾ ਸ਼ਾਸਨ ਰਿਹਾ। ਇਹ ਸੱਚ ਨਹੀਂ ਹੈ।

ਨਾਇਪਾਲ ਇੱਕ ਸਿੱਖਿਆ ਸ਼ਾਸਤਰੀ ਨਹੀਂ ਸਨ ਅਤੇ ਇਸ ਲਈ ਉਨ੍ਹਾਂ ਦੇ ਕਥਨਾਂ ਨੂੰ ਉਚਿਤ ਚੁਣੌਤੀ ਨਹੀਂ ਦਿੱਤੀ ਗਈ। ਕੋਈ ਵੀ ਸਹੀ ਵਿਦਵਾਨ ਏਨੇ ਢਿੱਲੇ ਤਰਕ ਨਹੀਂ ਦੇਵੇਗਾ ਅਤੇ ਨਾ ਕਿਸੇ ਨੇ ਦਿੱਤੇ ਹਨ। ਕੀ ਛੇ ਦਸੰਬਰ 1992 ਨੂੰ ਸਮੂਹਿਕ ਹਿੰਦੂ ਮਾਨਸਿਕਤਾ ਆਜ਼ਾਦ ਹੋ ਗਈ ਸੀ? ਨਹੀਂ, ਨਹੀਂ ਹੋਈ ਸੀ। ਅਸੀਂ ਕਿਸੇ ਵੀ ਤਰ੍ਹਾਂ ਵੱਖਰਾ ਰਾਸ਼ਟਰ ਨਹੀਂ ਹਾਂ। ਸਾਡੀ ਸਮੂਹਿਕ ਸੋਚ 'ਚ ਵੱਡੀ ਤਬਦੀਲੀ 1991 ਵਿੱਚ ਮਨਮੋਹਨ ਸਿੰਘ ਦੀਆਂ ਉਦਾਰ ਨੀਤੀਆਂ ਨਾਲ ਆਈ, ਨਾ ਕਿ 1992 ਦੀਆਂ ਜ਼ਾਲਿਮਾਨਾਂ ਕਾਰਵਾਈਆਂ ਨਾਲ।

ਸ਼ਾਇਦ ਨਾਇਪਾਲ ਦਾ ਮਤਲਬ ਲੰਮੇ ਸਮੇਂ ਤੋਂ ਹੋਵੇਗਾ, ਪਰ ਫਿਰ ਇੱਕ-ਚੌਥਾਈ ਸਦੀ ਇੱਕ ਲੰਮਾ ਸਮਾਂ ਹੈ ਅਤੇ ਅਸੀਂ ਪਹਿਲਾਂ ਤੋਂ ਇੱਕ ਅਜਿਹੇ ਸਮੇਂ ਵਿੱਚ ਰਹਿ ਰਹੇ ਹਾਂ, ਜਦੋਂ ਅੱਜ ਦੇ ਜ਼ਿਆਦਾਤਰ ਭਾਰਤੀ ਤਬਾਹੀ ਤੋਂ ਬਾਅਦ ਪੈਦਾ ਹੋਏ ਸਨ। ਨਿਸ਼ਚਿਤ ਤੌਰ 'ਤੇ ਇਸ ਨੇ ਉਨ੍ਹਾਂ ਨੂੰ ਪ੍ਰਭਾਵਤ ਨਹੀਂ ਕੀਤਾ ਹੋਵੇਗਾ।

ਇਥੇ ਕੋਈ ਆਜ਼ਾਦੀ ਨਹੀਂ ਹੈ। ਜੋ ਇੱਕ ਤਬਦੀਲੀ ਹੋਈ ਹੈ, ਉਹ ਇਹ ਕਿ ਅਸੀਂ ਇੱਕ ਰਾਸ਼ਟਰ ਦੇ ਤੌਰ ਉਤੇ ਆਪਣੇ ਪ੍ਰਗਟਾਵੇ ਵਿੱਚ ਵੱਧ ਆਸਾਨੀ ਨਾਲ ਫਿਰਕਾਪ੍ਰਸਤ ਬਣ ਗਏ ਹਾਂ। ਅੱਜ ਸਿਆਸੀ ਦਲ ਅਤੇ ਮਾਸ ਮੀਡੀਆ ਅਤੇ ਅਸੀਂ ਉਹ ਚੀਜ਼ਾਂ ਗੁਸਤਾਖੀ ਭਰੀਆਂ ਕਹਿ ਸਕਦੇ ਹਾਂ, ਜਿਨ੍ਹਾਂ ਨੂੰ 1992 ਤੋਂ ਪਹਿਲਾਂ ਕਹਿਣ ਵਿੱਚ ਸ਼ਾਇਦ ਝਿਜਕਦੇ ਸਨ। ਅਜਿਹੀਆਂ ਖਬਰਾਂ ਹਨ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਦੋ ਲੱਖ ਲੋਕ ਅਯੁੱਧਿਆ 'ਚ ਇਕੱਠੇ ਹੋਏ। ਉਧਵ ਠਾਕਰੇ ਅਤੇ ਉਨ੍ਹਾਂ ਦੇ ਬੇਟੇ ਦੀ ਅਗਵਾਈ ਵਿੱਚ ਲਗਭਗ 5000 ਸ਼ਿਵ ਸੈਨਿਕ ਵੀ ਗਏ। ਉਨ੍ਹਾਂ ਨੇ ਐਲਾਨ ਕੀਤਾ ਕਿ ਜੋ ਕੁਝ ਠੀਕ ਨਹੀਂ, ਕੀ ਇਹ ਅਯੁੱਧਿਆ 'ਚ ਅੰਤਿਮ 'ਧਰਮ ਸਭਾ' ਹੋਵੇਗੀ। ਉਨ੍ਹਾਂ ਦੇ ਅਜਿਹਾ ਕਰਨ ਦੇ ਪਿੱਛੇ ਕਾਰਨ ਇਹ ਹੈ ਕਿ ਉਹ ਭਾਜਪਾ ਸਰਕਾਰ 'ਤੇ ਚੋਣਾਂ ਤੋਂ ਪਹਿਲਾਂ ਮੰਦਰ ਬਣਾਉਣਾ ਸ਼ੁਰੂ ਕਰਨ ਲਈ ਦਬਾਅ ਬਣਾਉਣਾ ਚਾਹੁੰਦੇ ਹਨ। ਇਹ ਅਜਿਹਾ ਹੈ ਕਿ ਜਿਵੇਂ ਭਾਜਪਾ ਨੂੰ ਅਜਿਹਾ ਕਰਨ ਲਈ ਉਤਸ਼ਾਹ ਦੇਣ ਦੀ ਲੋੜ ਸੀ।

ਜੇ ਅੱਜ ਭਾਜਪਾ ਸੱਤਾ 'ਚ ਹੈ ਤਾਂ ਇਸ ਦੇ ਪਿੱਛੇ ਵੱਡਾ ਕਾਰਨ ਇਸ ਦੀਆਂ 1992 ਦੀਆਂ ਕਾਰਵਾਈਆਂ ਸਨ। ਜਿਸ ਭਾਵਨਾ ਨੇ ਉਸ ਸਮੇਂ ਭਾਜਪਾ ਨੂੰ ਲੋਕਪ੍ਰਿਯ ਬਣਾਇਆ ਸੀ, ਉਹ ਨਕਾਰਾਤਮਕ ਸੀ। ਇਸ ਦਾ ਅਰਥ ਇਹ ਸੀ ਕਿ ਉਹ ਫਿਰਕਾਪ੍ਰਸਤੀ ਤੋਂ ਪ੍ਰੇਰਿਤ ਸੀ। ਇਹ ਮੰਦਰ ਦੇ ਪੱਖ ਵਿੱਚ ਹੋਣ ਦੀ ਥਾਂ ਮਸਜਿਦ ਦੇ ਵਿਰੁੱਧ ਸੀ। ਇਹੋ ਕਾਰਨ ਹੈ ਕਿ ਰਾਮ ਜਨਮ ਭੂਮੀ ਅੰਦੋਲਨ ਤਬਾਹੀ ਤੋਂ ਬਾਅਦ ਖਤਮ ਹੋ ਗਿਆ ਅਤੇ ਇਸ ਕਾਰਨ ਹਿੰਸਾ ਪੈਦਾ ਹੋਈ। ਇਹ ਅੱਜ ਤੱਕ ਨਕਾਰਾਤਮਕ ਬਣੀ ਹੋਈ ਹੈ ਤੇ ਇਸ ਦਾ ਉਦੇਸ਼ ਹੋਰਨਾਂ ਭਾਰਤੀਆਂ ਨੂੰ ਸਜ਼ਾ ਦੇਣਾ ਹੈ। ਇਹ ਲੋਕ ਭਗਤੀ ਜਾਂ ਧਰਮ ਨਿਸ਼ਠਾ ਦੀ ਭਾਵਨਾ ਨਾਲ ਇਕੱਠੇ ਨਹੀਂ ਹੋ ਰਹੇ, ਇਹ ਜ਼ਿਆਦਾਤਰ ਨਫਰਤ ਦੀਆਂ ਭਾਵਨਾਵਾਂ ਕਾਰਨ ਹੈ। ਉਨ੍ਹਾਂ ਦੇ ਨਾਅਰਿਆਂ ਤੇ ਭਾਸ਼ਣਾਂ ਨੂੰ ਸੁਣੋ ਅਤੇ ਇਹ ਤੁਰੰਤ ਸਪੱਸ਼ਟ ਹੋ ਜਾਵੇਗਾ। ਇਸ ਤਰ੍ਹਾਂ ਦੀ ਕੁੜੱਤਣ ਅਤੇ ਨਫਰਤ ਨਾਲ ਕੁਝ ਵੀ ਸਾਕਾਰਾਤਮਕ ਤੇ ਲਾਹੇਵੰਦ ਸਿੱਟਾ ਨਹੀਂ ਨਿਕਲ ਸਕਦਾ। ਨਾਇਪਾਲ ਨੇ ਇਹ ਨਹੀਂ ਸਮਝਿਆ, ਪਰ ਫਿਰ ਉਨ੍ਹਾਂ ਲਈ ਦਾਅ ਬਹੁਤ ਉਚੇ ਨਹੀਂ ਸਨ। ਉਹ ਸਾਡੇ ਸਮਾਜ 'ਤੇ ਆਪਣੀ ਇੱਕ ਗੈਰ-ਰਸਮੀ ਰਾਇ ਦੇ ਸਕਦੇ ਸਨ ਅਤੇ ਫਿਰ ਇੰਗਲੈਂਡ ਸਥਿਤ ਆਪਣੇ ਘਰ ਲਈ ਵਾਪਸੀ ਦੀ ਫਲਾਈਟ ਫੜ ਲੈਂਦੇ।

ਅਸੀਂ ਇਸ ਦੇਸ਼ ਵਿੱਚ ਹੋਰਨਾਂ ਭਾਰਤੀਆਂ ਨਾਲ ਰਹਿਣਾ ਹੈ। ਸਾਨੂੰ ਉਨ੍ਹਾਂ ਦਾਨਵਾਂ ਤੋਂ ਚੌਕਸ ਰਹਿਣਾ ਚਾਹੀਦਾ ਹੈ, ਜਿਨ੍ਹਾਂ ਨੂੰ ਅਸੀਂ ਉਦੋਂ ਦੌੜਨ ਦਿੱਤਾ, ਜਦੋਂ ਅਸੀਂ ਸਮੂਹਿਕ ਹਿੰਦੂ ਮਾਨਸਿਕਤਾ ਨੂੰ ਆਜ਼ਾਦ ਕਰਵਾਉਣ ਚੱਲੇ ਸੀ।

# ਕੋਟੀਆਂ ਵਾਲਾ ਝੋਲਾ

-ਜਸਵਿੰਦਰ ਕੌਰ ਮਾਨਸਾ

ਕਾਫੀ ਸਾਲ ਪਹਿਲਾਂ ਦੀ ਗੱਲ ਹੈ। ਮੇਰੇ ਨਾਨਕਿਆਂ ਤੋਂ ਸੁਨੇਹਾ ਆਇਆ ਕਿ ਮੇਰੇ ਮਾਮੇ ਦੇ ਵੱਡੇ ਮੁੰਡੇ ਦਾ ਵਿਆਹ ਰੱਖ ਲਿਆ ਹੈ। ਮੇਰੀ ਮਾਂ ਨੂੰ ਆਪਣੇ ਭਤੀਜੇ ਦੇ ਵਿਆਹ ਬਾਰੇ ਸੁਣ ਕੇ ਚਾਅ ਚੜ੍ਹ ਗਿਆ। ਵਿਆਹ ਮਾਘ ਦੇ ਮਹੀਨੇ ਹੋਣਾ ਸੀ। ਮਾਂ ਨੇ ਸਾਡੀ ਮਾਮੀ ਨੂੰ ਤਾਕੀਦ ਕੀਤੀ ਕਿ ਉਹ ਆਪਣੇ ਭਤੀਜਿਆਂ ਲਈ ਵਿਆਹ 'ਤੇ ਪਾਉਣ ਲਈ ਕੋਟੀਆਂ ਆਪਣੇ ਹੱਥੀਂ ਬਣਾ ਕੇ ਲਿਆਵੇਗੀ। ਮਾਂ ਨੇ ਤਿੰਨ ਰੰਗਾਂ ਦੀ ਉਨ ਖਰੀਦੀ ਤੇ ਬੜੇ ਹੀ ਚਾਅ ਨਾਲ ਭਾਂਤ-ਭਾਂਤ ਦੀਆਂ ਬੁਣਤੀਆਂ ਪਾ ਕੇ ਤੇ ਦੇਰ ਰਾਤ ਤੱਕ ਬੈਠ-ਬੈਠ ਕੇ ਕੋਟੀਆਂ ਤਿਆਰ ਕੀਤੀਆਂ। ਮਾਂ ਦੁਪਹਿਰ ਵੇਲੇ ਆਰਾਮ ਕਰਨ ਦੀ ਥਾਂ ਆਪਣੇ ਭਤੀਜਿਆਂ ਦੀਆਂ ਕੋਟੀਆਂ ਬੁਣਦੀ ਰਹਿੰਦੀ। ਮਾਂ ਨੇ ਆਪਣੀ ਭਤੀਜ ਨੂੰਹ ਦੀਆਂ ਚੁੰਨੀਆਂ ਨੂੰ ਗੋਟਾ ਕਿਨਾਰੀ ਵੀ ਲਾ ਦਿੱਤਾ। ਮਾਂ ਘਰ ਦੇ ਸਾਰੇ ਕੰਮ ਵੀ ਕਰਦੀ ਤੇ ਕੋਟੀਆਂ ਤਿਆਰ ਕਰਨ ਦੇ ਕੰਮ ਵਿੱਚ ਖੜੋਤ ਵੀ ਨਾ ਆਉਣ ਦਿੰਦੀ। ਮਾਂ ਨੇ ਕੋਟੀਆਂ ਬਣਾ ਕੇ ਤੇ ਤਹਿਆਂ ਕਰਕੇ ਇਕ ਝੋਲੇ ਵਿੱਚ ਪਾ ਕੇ ਰੱਖ ਦਿੱਤੀਆਂ।

ਅਖੀਰ ਵਿਆਹ ਦਾ ਦਿਨ ਨੇੜੇ ਆ ਗਿਆ। ਜਿਸ ਦਿਨ ਅਸੀਂ ਨਾਨਕੇ ਵਿਆਹ ਜਾਣਾ ਸੀ, ਉਸ ਦਿਨ ਮਾਂ ਨੇ ਦੁਪਹਿਰ ਤੱਕ ਘਰ ਦੇ ਸਾਰੇ ਕੰਮ ਜਲਦੀ ਨਿਪਟਾ ਲਏ। ਮਾਂ ਸ਼ਾਮ ਨੂੰ ਸਾਨੂੰ ਲੈ ਕੇ ਬੱਸ ਅੱਡੇ ਗਈ ਤੇ ਕੱਪੜਿਆਂ ਵਾਲੇ ਝੋਲੇ ਚੁੱਕ ਕੇ ਕਾਹਲੀ ਨਾਲ ਬੱਸ ਚੜ੍ਹ ਗਈ। ਸਾਨੂੰ ਬੱਸ 'ਚ ਸਵਾਰ ਹੋ ਕੇ ਬੜਾ ਚੰਗਾ ਲੱਗ ਰਿਹਾ ਸੀ। ਸਾਨੂੰ ਨਾਨਕੇ ਜਾਣ ਦੇ ਨਾਲ ਨਵੇਂ ਕੱਪੜੇ ਪਾਉਣ ਤੇ ਵਿਆਹ 'ਚ ਖਾਣ ਪੀਣ ਦਾ ਚਾਅ ਚੜ੍ਹਿਆ ਹੋਇਆ ਸੀ। ਇੰਨੇ ਨੂੰ ਕੰਡਕਟਰ ਸਾਡੇ ਕੋਲ ਆਇਆ ਤੇ ਉਸ ਨੇ ਮਾਂ ਨੂੰ ਟਿਕਟ ਕਟਾਉਣ ਲਈ ਕਿਹਾ। ਮਾਂ ਦੇ ਮੂੰਹੋਂ ਅਜੇ ਖਿਆਲਾ ਨਿਕਲਿਆ ਸੀ ਕਿ ਕੰਡਕਟਰ ਉਚੀ ਆਵਾਜ਼ ਵਿੱਚ ਆਖਣ ਲੱਗਾ, 'ਮਾਈ! ਖਿਆਲੇ ਖੂਲੇ ਨ੍ਹੀਂ ਰੁਕਦੀ। ਇਹ ਲੰਮੇ ਰੂਟ ਵਾਲੀ ਬੱਸ ਆ, ਸਿੱਧੀ ਚੰਡੀਗੜ੍ਹ ਜਾਊਗੀ। ਚੱਲੋ ਥੱਲੇ ਉਤਰੋਂ ਤੁਸੀਂ।'

ਮਾਂ ਦਾ ਤਾਂ ਜਿਵੇਂ ਸੀਤ ਨਿਕਲ ਗਿਆ। ਵਿਆਹ ਦੇ ਚਾਅ 'ਚ ਮਾਂ ਪੁੱਛ ਕੇ ਚੜ੍ਹਨਾ ਭੁੱਲ ਗਈ ਸੀ। ਕੰਡਕਟਰ ਨੇ ਮਾਨਸਾ ਕੈਂਚੀਆਂ 'ਤੇ ਬੱਸ ਰੋਕਦਿਆਂ ਕਿਹਾ ਕਿ ਜਲਦੀ-ਜਲਦੀ ਥੱਲੇ ਉਤਰੋ। ਮੇਰੀ ਮਾਂ ਸਾਨੂੰ ਲੈ ਕੇ ਸੜਕ ਕਿਨਾਰੇ ਖੜੀ ਹੋ ਗਈ। ਵੱਡੀ ਭੈਣ ਨੇ ਮਾਂ ਨੂੰ ਦਿਲਾਸਾ ਦਿੰਦੇ ਕਿਹਾ, 'ਕੋਈ ਗੱਲ ਨਹੀਂ, ਪਿਛਲੀ ਬੱਸ 'ਤੇ ਚੜ੍ਹ ਜਾਵਾਂਗੇ।' ਥੋੜ੍ਹੀ ਦੇਰ ਬਾਅਦ ਦੂਜੀ ਬੱਸ ਆਈ ਤੇ ਮਾਂ ਨੇ ਕੰਡਕਟਰ ਨੂੰ ਪੁੱਛਿਆ, 'ਭਾਈ ਖਿਆਲੇ ਬੱਸ ਰੋਕ ਦੇਵੇਂਗਾ?' ਕੰਡਕਟਰ ਨੇ ਬੜੀ ਨਿਮਰਤਾ ਨਾਲ ਕਿਹਾ, 'ਚੜ੍ਹ ਜਾ ਮਾਈ, ਜ਼ਰੂਰ ਰੋਕਾਂਗੇ।' ਮਾਂ ਨੇ ਸੁੱਖ ਦਾ ਸਾਹ ਲਿਆ ਤੇ ਸਾਨੂੰ ਲੈ ਕੇ ਬੱਸ ਵਿੱਚ ਸਵਾਰ ਹੋ ਗਈ। ਸਾਡੇ ਚਿਹਰਿਆਂ 'ਤੇ ਫਿਰ ਖੁਸ਼ੀ ਪਰਤ ਆਈ ਤੇ ਅਸੀਂ ਮੁੜ ਵਿਆਹ ਦੇ ਖਿਆਲਾਂ ਵਿੱਚ ਖੋ ਗਏ। ਬੱਸ ਖਿਆਲੇ ਜਾ ਰੁਕੀ ਤੇ ਕੰਡਕਟਰ ਨੇ ਉਚੀ ਆਵਾਜ਼ ਵਿੱਚ ਕਿਹਾ, 'ਚਲੋ ਬਈ ਖਿਆਲੇ ਵਾਲੇ।' ਮਾਂ ਨੇ ਸਾਨੂੰ ਸਭ ਨੂੰ ਸਾਮਾਨ ਚੁੱਕਣ ਲਈ ਕਿਹਾ। ਅਸੀਂ ਸਾਮਾਨ ਸੰਭਾਲ ਕੇ ਖੜੇ ਹੋਏ ਤਾਂ ਮਾਂ ਕੁਝ ਇਧਰ ਉਧਰ ਲੱਭਣ ਲੱਗੀ, ਪਰ ਮਾਂ ਦੀਆਂ ਬਣਾਈਆਂ ਹੋਈਆਂ ਕੋਟੀਆਂ ਵਾਲਾ ਝੋਲਾ ਕਿਤੇ ਨਹੀਂ ਸੀ। ਮਾਂ ਨੂੰ ਅੱਚਵੀ ਜਿਹੀ ਲੱਗ ਗਈ। ਸਾਡਾ ਝੋਲਾ ਲੱਭਣ ਵਿੱਚ ਕੰਡਕਟਰ ਨੇ ਵੀ ਮਦਦ ਕੀਤੀ। ਅਚਾਨਕ ਮਾਂ ਨੂੰ ਯਾਦ ਆਇਆ ਕਿ ਕੋਟੀਆਂ ਵਾਲਾ ਝੋਲਾ ਤਾਂ ਕਾਹਲ ਵਿੱਚ ਉਤਰਨ ਕਰਕੇ ਚੰਡੀਗੜ੍ਹ ਵਾਲੀ ਬੱਸ ਵਿੱਚ ਹੀ ਰਹਿ ਗਿਆ।

ਮਾਂ ਨੂੰ ਇੰਨਾ ਉਦਾਸ ਕਦੇ ਨਹੀਂ ਸੀ ਦੇਖਿਆ, ਜਿੰਨਾ ਉਹ ਝੋਲਾ ਗੁਆਚ ਜਾਣ ਸਮੇਂ ਨਜ਼ਰ ਆਈ। ਮਾਂ ਦੇ ਨਾਲ ਅਸੀਂ ਪੰਜੇ ਭੈਣ ਭਰਾ ਬੁਝੇ ਜਿਹੇ ਮਨ ਨਾਲ ਨਾਨਕੇ ਘਰ ਪਹੁੰਚੇ। ਮਾਂ ਨੇ ਨਾਨਕੇ ਘਰ ਜਾ ਕੇ ਸਾਰੀ ਗੱਲ ਦੱਸੀ। ਮਾਮੇ ਤੇ ਮਾਮੀਆਂ ਸਭ ਨੇ ਮਾਂ ਦਾ ਬਹੁਤ ਦਿਲ ਧਰਾਇਆ, ਪਰ ਮਾਂ ਦੇ ਦਿਲੋਂ ਉਹ ਗੱਲ ਜਾ ਨਹੀਂ ਸੀ ਰਹੀ। ਮਾਂ ਬੱਸ ਕੰਡਕਟਰ ਨੂੰ ਕੋਸ ਰਹੀ ਸੀ। ਉਸ ਤੋਂ ਬਾਅਦ ਲੰਮਾ ਸਮਾਂ ਮਾਂ ਚੰਡੀਗੜ੍ਹ ਜਾਣ ਵਾਲੀ ਹਰ ਬੱਸ ਦੇ ਕੰਡਕਟਰ ਨੂੰ ਤਿੰਨ ਕੋਟੀਆਂ ਵਾਲੇ ਝੋਲੇ ਬਾਰੇ ਪੁੱਛਦੀ ਰਹੀ, ਪਰ ਭਤੀਜਿਆਂ ਲਈ ਮੋਹ ਨਾਲ ਬੁਣੀਆਂ ਕੋਟੀਆਂ ਉਸ ਨੂੰ ਨਾ ਲੱਭੀਆਂ।

# ਕਿਰਤੀ ਦਾ ਸਬਰ ਸੰਤੋਖ..

-ਡਾ. ਗਿਆਨ ਸਿੰਘ

ਸਾਲ 1980 ਵਿੱਚ ਪੀ ਐਚ ਡੀ ਡਿਗਰੀ ਦੀ ਰਜਿਸਟਰੇਸ਼ਨ ਕਰਵਾਉਣ ਲਈ ਆਪਣੀ ਖੋਜ ਦਾ ਵਿਸ਼ਾ 'ਦਿਹਾਤੀ ਪੰਜਾਬ ਵਿੱਚ ਸੀਮਾਂਤ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਜੀਵਨ ਪੱਧਰ' ਚੁਣਿਆ। ਖੋਜ ਪੂਰੀ ਕਰਨ ਲਈ ਖੇਤੀ ਉਤਪਾਦਕਤਾ ਦੇ ਆਧਾਰ ਉਤੇ ਪੰਜਾਬ ਦੇ ਤਿੰਨ ਖੇਤਰਾਂ ਸ਼ਿਵਾਲਕ ਨੀਮ ਪਹਾੜੀ, ਕੇਂਦਰੀ ਮੈਦਾਨੀ ਅਤੇ ਦੱਖਣੀ ਪੱਛਮੀ ਖਿੱਤੇ ਵਿੱਚੋਂ ਰੋਪੜ, ਲੁਧਿਆਣਾ ਤੇ ਬਠਿੰਡਾ ਜ਼ਿਲੇ ਸਰਵੇਖਣ ਲਈ ਚੁਣੇ। ਇਸ ਖੋਜ ਲਈ ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਦੋ ਵੱਖ-ਵੱਖ ਪ੍ਰਸ਼ਨਾਵਲੀਆਂ ਤਿਆਰ ਕੀਤੀਆਂ ਗਈਆਂ। ਦੋਵਾਂ ਪ੍ਰਸ਼ਨਾਵਲੀਆਂ ਵਿੱਚ ਵਖਰੇਵੇਂ ਦੇ ਬਾਵਜੂਦ ਸਮਾਨਤਾਵਾਂ ਜ਼ਿਆਦਾ ਸਨ। ਇਨ੍ਹਾਂ ਪ੍ਰਸ਼ਨਾਵਲੀਆਂ ਦੀ ਮਦਦ ਨਾਲ ਮੈਂ 1981 ਵਿੱਚ ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰ ਪਰਵਾਰਾਂ ਦੀ ਆਮਦਨ, ਖਪਤ ਖਰਚ, ਕਰਜ਼ੇ ਅਤੇ ਜਾਇਦਾਦ ਬਾਰੇ ਜਾਣਕਾਰੀ/ਅੰਕੜੇ ਇਕੱਠੇ ਕੀਤੇ।

ਜਦੋਂ ਬਠਿੰਡੇ ਅਤੇ ਲੁਧਿਆਣੇ ਜ਼ਿਲਿਆਂ ਵਿੱਚ ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਰੋਪੜ ਜ਼ਿਲੇ ਦੇ ਨੰਗਲ ਸ਼ਹਿਰ ਤੋਂ ਉਪਰਲੇ ਇਕ ਪਿੰਡ ਵਿੱਚੋਂ ਇਕ ਖੇਤ ਮਜ਼ਦੂਰ ਤੋਂ ਉਸ ਦੇ ਪਰਵਾਰ ਬਾਰੇ ਵੱਖ-ਵੱਖ ਤਰ੍ਹਾਂ ਦੀ ਜਾਣਕਾਰੀ ਇਕੱਠੀ ਕਰ ਰਿਹਾ ਸੀ ਤਾਂ ਮਨ ਬਹੁਤ ਉਦਾਸ ਹੋਇਆ। ਉਸ ਖੇਤ ਮਜ਼ਦੂਰ ਦਾ ਅੱਧ ਕੱਚਾ ਪੱਕਾ ਜਿਹਾ ਘਰ ਡੇਢ ਕੁ ਕਮਰਿਆਂ ਦਾ ਸੀ, ਨਾ ਕੋਈ ਰਸੋਈ ਅਤੇ ਨਾ ਗੁਸਲਖਾਨਾ। ਉਹ ਇਨਸਾਨ ਬਹੁਤ ਛੋਟੇ ਜਿਹੇ ਵਿਹੜੇ ਵਿੱਚ ਦੋ ਓਟਿਆਂ ਦੀ ਮਦਦ ਨਾਲ ਰਸੋਈ ਦਾ ਕੰਮ ਚਲਾ ਰਿਹਾ ਸੀ ਤੇ ਗੁਸਲਖਾਨੇ ਦਾ ਕੰਮ ਘਰ ਵਿੱਚ ਆਟਾ ਪੀਸਣ ਵਾਲੀ ਚੱਕੀ ਦੇ ਪੁਰਾਣੇ ਪੁੜ ਅਤੇ ਮੰਜਿਆਂ ਤੋਂ ਲੈ ਰਿਹਾ ਸੀ। ਉਸ ਦੀ ਆਮਦਨ ਦਾ ਪੱਧਰ ਬਹੁਤ ਜ਼ਿਆਦਾ ਨੀਵਾਂ ਸੀ, ਜਿਸ ਕਰਕੇ ਉਸ ਦਾ ਖਪਤ ਖਰਚ ਕੁਝ ਜ਼ਿਆਦਾ ਘੱਟ ਸੀ। ਉਸ ਦੇ ਸਿਰ ਉਪਰ ਬਹੁਤ ਥੋੜ੍ਹਾ ਕਰਜ਼ਾ ਅਤੇ ਉਹ ਵੀ ਵੱਡੇ ਕਿਸਾਨਾਂ ਦਾ ਸੀ, ਜਿਹੜਾ ਉਸ ਨੇ ਆਪਣੀ ਕਿਰਤ ਦੀ ਕਮਾਈ ਵਿੱਚੋਂ ਮੋੜਨ ਬਾਰੇ ਵਿਉਂਤਿਆ ਹੋਇਆ ਸੀ। ਇਸ ਲਈ ਉਸ ਨੂੰ ਆਪਣੇ ਪਹਿਲਾਂ ਤੋਂ ਨੀਵੇਂ ਖਪਤ ਪੱਧਰ ਨੂੰ ਹੋਰ ਨੀਵਾਂ ਕਰਨਾ ਆਉਂਦਾ ਸੀ। ਉਸ ਦੀ ਜਾਇਦਾਦ ਸਿਰਫ ਉਸ ਦਾ ਡੇਢ ਕਮਰਿਆਂ ਦਾ ਘਰ, ਬਹੁਤ ਹੀ ਜ਼ਿਆਦਾ ਛੋਟਾ ਵਿਹੜਾ, ਘਰ ਦੇ ਟੁੱਟੇ ਭੱਜੇ ਮੰਜੇ ਬਿਸਤਰੇ, ਬਰਤਨ ਅਤੇ ਟੁੱਟਿਆ ਜਿਹਾ ਸਾਈਕਲ ਸੀ।

ਇਸ ਖੇਤ ਮਜ਼ਦੂਰ ਤੋਂ ਪ੍ਰਸ਼ਨਾਵਲੀ ਦੇ ਸਾਰੇ ਉਤਰ ਲੈ ਕੇ ਬਹੁਤ ਜ਼ਿਆਦਾ ਉਦਾਸ ਹੁੰਦਿਆਂ ਹੋਇਆ ਮੈਂ ਪੁੱਛਿਆ, 'ਤੁਹਾਨੂੰ ਤੁਹਾਡੀ ਗਰੀਬੀ ਦਾ ਕੀ ਕਾਰਨ ਲੱਗਦਾ ਹੈ?'

ਉਸ ਇਨਸਾਨ ਨੇ ਮੈਨੂੰ ਪੁੱਛਿਆ, 'ਤੁਹਾਡੇ ਕੋਲ ਉਤਰ ਸੁਣਨ ਲਈ ਸਮਾਂ ਹੈ?'

ਮੈਂ 'ਹਾਂ' ਵਿੱਚ ਜਵਾਬ ਦਿੰਦੇ ਹੋਏ ਕਿਹਾ, 'ਤੁਹਾਡਾ ਸਾਰਾ ਉਤਰ ਸੁਣ ਕੇ ਹੀ ਜਾਵਾਂਗਾ।'


ਪ੍ਰਸ਼ਨਾਵਲੀ ਦੇ ਜਵਾਬ ਲੈਣ ਮੌਕੇ ਮੈਨੂੰ ਪਤਾ ਲੱਗ ਗਿਆ ਸੀ ਕਿ ਉਸ ਖੇਤ ਮਜ਼ਦੂਰ ਦਾ ਨਾਮ ਸੰਤੋਖ ਸਿੰਘ ਹੈ। ਉਸ ਨੇ ਦੱਸਿਆ ਕਿ ਉਹ ਗੁਰਸਿੱਖ ਹੈ। ਫੀਲਡ ਸਰਵੇਖਣ ਤੇ ਉਸ ਦੇ ਦੱਸਣ ਤੋਂ ਪਤਾ ਲੱਗਾ ਕਿ ਉਨ੍ਹਾਂ ਦੇ ਇਲਾਕੇ ਵਿੱਚ ਜ਼ਮੀਨ ਪਥਰੀਲੀ ਤੇ ਪਾਣੀ ਦੀ ਘਾਟ ਵਾਲੀ ਹੋਣ ਕਾਰਨ ਖੇਤੀ ਵਿੱਚ ਰੋਜ਼ ਦਿਹਾੜੀ ਦੱਪਾ ਨਹੀਂ ਮਿਲਦਾ, ਤੇ ਖੇਤੀਬਾੜੀ ਤੋਂ ਬਿਨਾਂ ਰੁਜ਼ਗਾਰ ਦਾ ਕੋਈ ਹੋਰ ਸਾਧਨ ਨਹੀਂ ਹੈ। ਉਹ ਇਨਸਾਨ ਆਪਣੀ ਬੜੀ ਘੱਟ ਕਮਾਈ ਨਾਲ ਹੀ ਸੰਤੁਸ਼ਟ ਸੀ। ਫਿਰ ਸੰਤੋਖ ਸਿੰਘ ਨੇ ਮੈਨੂੰ ਪੁੱਛਿਆ, 'ਤੁਹਾਨੂੰ ਕਿਵੇਂ ਪਤਾ ਲੱਗਾ ਕਿ ਮੈਂ ਗਰੀਬ ਹਾਂ?'

ਮੈਂ ਦੱਸਿਆ, 'ਮੈਂ ਅਰਥ ਵਿਗਿਆਨ ਦਾ ਵਿਦਿਆਰਥੀ ਹਾਂ, ਸਾਡੇ ਵਿਸ਼ੇ ਵਿੱਚ ਗਰੀਬੀ ਦੇਖਣ ਲਈ ਆਮਦਨ, ਖਪਤ ਖਰਚ ਨੂੰ ਆਧਾਰ ਬਣਾਇਆ ਜਾਂਦਾ ਹੈ, ਜੋ ਤੁਹਾਡੇ ਸਬੰਧ ਵਿੱਚ ਬਹੁਤ ਜ਼ਿਆਦਾ ਨੀਵੇਂ ਪੱਧਰ 'ਤੇ ਹੈ, ਇਸੇ ਲਈ ਮੈਂ ਤੁਹਾਡੀ ਗਰੀਬੀ ਦੇ ਕਾਰਨ ਬਾਰੇ ਤੁਹਾਨੂੰ ਪੁੱਛਿਆ ਹੈ।'

ਇਸ ਤੋਂ ਬਾਅਦ ਸੰਤੋਖ ਸਿੰਘ ਨੇ ਕਿਹਾ, 'ਰੋਜ਼ ਦਿਹਾੜੀ ਦੱਪਾ ਨਾ ਮਿਲਣ ਕਾਰਨ ਮੇਰੀ ਆਮਦਨ ਤੇ ਖਪਤ ਖਰਚ ਦੋਵੇਂ ਬਹੁਤ ਨੀਵੇਂ ਪੱਧਰ ਹਨ, ਰੋਜ਼ ਸ਼ਾਮ ਨੂੰ ਰੋਟੀ ਖਾਣ ਪਿੱਛੋਂ ਕੀਰਤਨ ਸੋਹਲੇ ਦਾ ਪਾਠ ਕਰਕੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਾ ਹਾਂ ਕਿ ਵਾਹਿਗੁਰੂ ਨੇ ਕਿਰਤੀ ਨੂੰ ਦੋ ਡੰਗ ਦੀ ਰੋਟੀ ਦੇ ਦਿੱਤੀ ਹੈ। ਕਦੇ ਕਦਾਈ ਇਕ ਡੰਗ ਦੀ ਰੋਟੀ ਨਸੀਬ ਹੁੰਦੀ ਹੈ ਤਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਦਾ ਹੋਇਆ ਉਸ ਅੱਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਕੱਲ੍ਹ ਨੂੰ ਦੋ ਡੰਗ ਦੀ ਰੋਟੀ ਜੋਗੀ ਕਿਰਤ ਦੇ ਦੇਵੀਂ, ਕਿਉਂਕਿ ਭੁੱਖੇ ਢਿੱਡ ਦਿਹਾੜੀ ਦੱਪਾ ਵੀ ਨਹੀਂ ਕਰਿਆ ਜਾਂਦਾ।' ਅੱਗੇ ਸੰਤੋਖ ਸਿੰਘ ਨੇ ਦੱਸਿਆ ਕਿ ਉਸ ਨੂੰ ਕਦੇ ਇਹ ਲੱਗਿਆ ਹੀ ਨਹੀਂ ਕਿ ਉਹ ਗਰੀਬ ਹੈ।

ਕਿਰਤੀ ਸੰਤੋਖ ਸਿੰਘ ਦੀ ਸੰਤੋਖ ਭਰਪੂਰ ਜ਼ਿੰਦਗੀ ਦੇਖ ਕੇ ਉਸ ਦੇ ਸਿਦਕ, ਸਬਰ ਤੇ ਸੰਤੋਖ ਅੱਗੇ ਮੇਰਾ ਸਿਰ ਝੁਕ ਗਿਆ, ਪਰ ਅਰਥ ਵਿਗਿਆਨ ਦਾ ਵਿਦਿਆਰਥੀ ਹੋਣ ਕਾਰਨ ਉਸ ਦਿਨ ਅਤੇ ਅੱਜ ਵੀ ਮੈਂ ਆਪਣੇ ਦੇਸ਼ ਨੂੰ ਦੋ ਦੇਸ਼ਾਂ ਕਰੋੜਪਤੀਆਂ ਦਾ ਇੰਡੀਆ ਤੇ ਕਰੋੜਾਂ ਕਿਰਤੀਆਂ ਦਾ ਭਾਰਤ, ਵਿੱਚ ਵੰਡਿਆ ਹੋਣ ਅਤੇ ਦਿਨੋ ਦਿਨ ਇਸ ਵੰਡ ਦੇ ਤੇਜ਼ ਹੋਣ ਕਾਰਨ ਉਦਾਸ ਸੀ ਤੇ ਉਦਾਸ ਹਾਂ। ਸਵਾਲ ਹੈ ਕਿ ਬੇਲੋੜਾ ਧਨ ਇਕੱਠਾ ਕਰਨ ਵਾਲਿਆਂ ਨੂੰ ਸੰਤੋਖ ਵਿੱਚ ਰੱਖਣ ਲਈ ਕੀ ਉਪਰਾਲੇ ਕੀਤੇ ਜਾਣ?

# ਹਲਕਾ ਫੁਲਕਾ



ਅੱਖਾਂ ਦਾ ਰੋਗੀ, "ਡਾਕਟਰ ਸਾਹਿਬ ਮੈਂ ਐਨਕ ਲਗਾ ਕੇ ਪੜ੍ਹ ਵੀ ਸਕਾਂਗਾ?"

ਡਾਕਟਰ, "ਹਾਂ ਹਾਂ, ਕਿਉਂ ਨਹੀਂ।"

ਰੋਗੀ, "ਓਹ ਫਿਰ ਤਾਂ ਬਹੁਤ ਚੰਗਾ ਰਹੇਗਾ। ਹੁਣ ਤੱਕ ਮੈਨੂੰ ਪੜ੍ਹਨਾ ਵੀ ਨਹੀਂ ਆਉਂਦਾ ਸੀ।"

********

ਪੰਕਜ ਸ਼ਰਮਾ, "ਕਹੋ ਅੱਜ ਦੀ ਤਾਜ਼ਾ ਖਬਰ ਕੀ ਹੈ?"

ਨੀਰਜ ਸ਼ਰਮਾ, "ਤਾਜ਼ਾ ਖਬਰ ਇਹ ਹੈ ਕਿ ਅਕਾਲੀ ਪਾਰਟੀ ਹਾਰ ਗਈ ਹੈ, ਉਸ ਕੁਰਸੀ ਤੋਂ ਤੁਸੀਂ ਉੱਠ ਜਾਓ, ਜਿਸ ਕੁਰਸੀ ਉੱਤੇ ਬੈਠੇ ਹੋ, ਉਸ ਦਾ ਰੰਗ ਨੀਲਾ ਹੈ।"

********

ਰੋਗੀ (ਨਰਸ ਨੂੰ), "ਕੀ ਡਾਕਟਰ ਸਾਹਿਬ ਨੇ ਅਜੇ ਤੱਕ ਨੀਂਦ ਦੀਆਂ ਗੋਲੀਆਂ ਨਹੀਂ ਭੇਜੀਆਂ।"

ਨਰਸ, "ਜੀ ਨਹੀਂ।"

ਰੋਗੀ, "ਜਲਦੀ ਮੰਗਵਾਓ, ਮੈਨੂੰ ਨੀਂਦ ਆ ਰਹੀ ਹੈ। ਹੁਣ ਮੈਂ ਗੋਲੀਆਂ ਦੇ ਇੰਤਜ਼ਾਰ ਵਿੱਚ ਹੋਰ ਨਹੀਂ ਜਾਗ ਸਕਦਾ।"

********

# ਕੀ ਬਣੂੰ ?

-ਜਸਬੀਰ ਢੰਡ

ਮਿੰਨੀ ਕਹਾਣੀ

ਫੌਜ ਵਿੱਚੋਂ ਪੈਨਸ਼ਨ ਲੈ ਕੇ ਘਰ ਆਇਆ ਤਾਂ ਕਈ ਦਿਨ ਮੌਜ ਮੇਲੇ ਵਿੱਚ ਲੰਘ ਗਏ। ਫਿਰ ਵਿਹਲ ਮੈਨੂੰ ਤੰਗ ਕਰਨ ਲੱਗੀ ਤਾਂ ਕਣਕ ਦੇ ਸਰਕਾਰੀ ਗੋਦਾਮ ਵਿੱਚ ਚਾਰ ਸੌ ਰੁਪਏ ਮਹੀਨਾ 'ਤੇ ਚੌਕੀਦਾਰੀ ਕਰਨ ਲੱਗਿਆ। ਪਹਿਲਾਂ-ਪਹਿਲਾਂ ਜੀਅ ਨਾ ਲੱਗਦਾ। ਕਿੱਥੇ ਫੌਜ ਦੀ ਨੌਕਰੀ ਤੇ ਕਿੱਥੇ ਇਹ ਚੌਕੀਦਾਰੀ! ਕੁਝ ਇਥੋਂ ਦੇ ਰੰਗ ਢੰਗ ਨਿਰਾਲੇ ਸਨ।

ਇਕ ਦਿਨ ਬੱਦਲਵਾਈ ਹੋ ਗਈ। ਸ਼ਾਹ ਕਾਲੇ ਬੱਦਲਾਂ ਦੀ ਗੜਗੜਾਹਟ ਨੇ ਮੈਨੂੰ ਸੰਸਾ ਲਾ ਦਿੱਤਾ ਮਤੇ ਮੀਂਹ ਨਾ ਆ ਜਾਵੇ। ਤਰਪਾਲਾਂ ਤੋਂ ਥੋੜ੍ਹੀਆਂ ਜਿਹੀਆਂ ਬੋਰੀਆਂ 'ਤੇ ਹੀ ਸਨ।

ਸਾਰੀ ਦਿਹਾੜੀ ਮਹਿਕਮੇ ਦਾ ਕੋਈ ਜੀਅ ਨਾ ਬਹੁੜਿਆ। ਆਥਣੇ ਜਿਹੇ ਭਾਰੀ ਸਰੀਰਾਂ ਵਾਲੇ ਦੋ ਇੰਸਪੈਕਟਰ ਮੋਟਰ ਸਾਈਕਲ 'ਤੇ ਆਏ ਤਾਂ ਮੈਨੂੰ ਬੇਫਿਕਰੀ ਹੋ ਗਈ। ਸੋਚਿਆ, ਆਪੇ ਕੋਈ ਪ੍ਰਬੰਧ ਕਰਕੇ ਜਾਣਗੇ। ਮੋਟਰ ਸਾਈਕਲ ਤੋਂ ਹੇਠਾਂ ਉਤਰ ਕੇ ਉਨ੍ਹਾਂ ਨੇ ਉਚੀ ਸਾਰੀ ਹਾਕ ਮਾਰੀ, 'ਫੌਜੀਆ!'

ਫੌਜ ਵਿੱਚ ਪਈ ਆਦਤ ਮੂਜਬ ਮੈਂ ਦੋਵੇਂ ਅੱਡੀਆਂ ਜੋੜ ਕੇ ਸਲੂਟ ਮਾਰਦਿਆਂ ਕਿਹਾ, 'ਯੈਸ ਸਰ!'

'ਕੁਰਸੀਆਂ ਲਿਆ ਕੱਢ ਕੇ।'

ਮੈਂ ਸਟੋਰ ਵਿੱਚੋਂ ਦੋ ਕੁਰਸੀਆਂ ਪਰਨੇ ਨਾਲ ਝਾੜ ਪੂੰਝ ਕੇ ਥੜ੍ਹੇ 'ਤੇ ਡਾਹ ਦਿੱਤੀਆਂ।

'ਪਾਣੀ ਦਾ ਜੱਗ ਤੇ ਗਲਾਸ ਲਿਆ।' ਮੈਂ ਘੜੇ 'ਚੋਂ ਭਰ ਕੇ ਦੋ ਗਲਾਸ ਉਨ੍ਹਾਂ ਦੀਆਂ ਕੁਰਸੀਆਂ ਲਾਗੇ ਭੁੰਜੇ ਹੀ ਰੱਖ ਦਿੱਤੇ।

'ਮੇਜ ਨਹੀਂ ਹੈ ਕੋਈ?' ਇਹ ਅਗਲਾ ਹੁਕਮ ਸੀ। ਮੈਂ ਸਟੋਰ ਵਿੱਚੋਂ ਮਿਲਿਆ ਇਕ ਟੁੱਟਿਆ ਜਿਹਾ ਸਟੂਲ ਝਾੜ ਕੇ ਉਨ੍ਹਾਂ ਮੂਹਰੇ ਰੱਖ ਦਿੱਤਾ। ਜੱਗ ਅਤੇ ਗਲਾਸ ਵੀ ਉਸ ਉਤੇ ਟਿਕਾ ਦਿੱਤੇ। ਉਨ੍ਹਾਂ ਮੋਟਰ ਸਾਈਕਲ ਦੀ ਡਿੱਕੀ ਵਿੱਚੋਂ ਬੋਤਲ ਕੱਢੀ ਤੇ ਪੀਣ ਲੱਗੇ। ਥੋੜ੍ਹੀ ਪੀ ਕੇ ਠਹਾਕੇ ਮਾਰਨ ਲੱਗੇ। ਉਨ੍ਹਾਂ ਦੇ ਚਿਹਰਿਆਂ 'ਤੇ ਬੋਰੀਆਂ ਭਿੱਜ ਜਾਣ ਦੇ ਫਿਕਰ ਦੀ ਮਾੜੀ ਮੋਟੀ ਲਕੀਰ ਵੀ ਨਹੀਂ ਸੀ। ਮੈਂ ਚਿੰਤਾ ਵਿੱਚ ਆਪਣੀ ਗੱਲ ਕਹਿਣ ਲਈ ਕਦੇ ਇਕ ਵੱਲ ਹੁੰਦਾ ਤੇ ਕਦੇ ਦੂਜੇ ਵੱਲ। 'ਕੀ ਗੱਲ ਐ ਫੌਜੀਆ? ਉਸਲਵੱਟੇ ਜਿਹੇ ਲਈ ਜਾਨੇ? ਲਾਉਣੀ ਐ ਛਿੱਟ ਤਾਂ ਗਲਾਸ ਲੈ ਆ।' ਉਨ੍ਹਾਂ ਕਿਹਾ।

'ਨਹੀਂ ਸਰ! ਮੈਂ ਕਹਿੰਦਾ ਸੀ, ਜੇ ਮੀਂਹ ਆ ਗਿਆ ਤਾਂ ਸਾਰੀ ਕਣਕ ਭਿੱਜ ਜਾਊ। ਆਪਾਂ ਤਰਪਾਲਾਂ..', ਗੱਲ ਅਜੇ ਮੇਰੇ ਮੂੰਹ ਵਿੱਚ ਹੀ ਸੀ ਕਿ ਉਹ ਦੋਵੇਂ ਉਚੀ-ਉਚੀ ਹੱਸਣ ਲੱਗੇ।

'ਤਰਪਾਲਾਂ..! ਹਾ ਹਾ ਹਾ..ਤਰਪਾਲ! ਤੂੰ ਭੋਲਾ ਨਹੀਂ, ਸਿੱਧਰਾ ਵੀ ਐਂ। ਅਸੀਂ ਕਹਿੰਦੇ ਆਂ, ਜਿਨ੍ਹਾਂ 'ਤੇ ਤਰਪਾਲਾਂ ਦਿੱਤੀਆਂ ਹੋਈਆਂ, ਉਨ੍ਹਾਂ ਤੋਂ ਵੀ ਲਾਹ ਦੇ।'

ਮੈਂ ਉਨ੍ਹਾਂ ਦੀ ਗੱਲ ਸੁਣ ਕੇ ਸੁੰਨ ਹੋ ਗਿਆ। 'ਹੇ ਭਗਵਾਨ। ਮੁਲਕ ਦਾ ਕੀ ਬਣੂੰ।' ਮੈਂ ਅਰਦਾਸ ਵਿੱਚ ਹੱਥ ਜੋੜੇ।

ਸ਼ਾਹ ਕਾਲਾ ਬੱਦਲ ਅਜੇ ਵੀ ਗਰਜ ਰਿਹਾ ਸੀ।

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-

416.618.6030/416 477 3344

2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

ਆਫਿਸ ਵਿੱਚ ਨੌਕਰੀ ਕਰਨ ਦਾ ਸੁਨਹਿਰੀ ਮੌਕਾ

ਬਿੱਲਿੰਗ ਤੇ ਆਡਰ ਫੁਲਫਿਲਮੈਂਟ ਲਈ ਕਲਰਕ ਦੀ ਲੋੜ ਹੈ

- ਸਵੇਰ ਤੇ ਸ਼ਾਮ ਦੀਆਂ ਸ਼ਿਫਟਾਂ
- $14 ਤੋਂ $16 ਡਾਲਰ ਤੱਕ ਦੀ ਤਨਖ਼ਾਹ
- ਬੇਸਿਕ ਅੰਗਰੇਜ਼ੀ ਦੀ ਲੋੜ
- ਸਟੂਡੈਂਟ ਤੇ ਨਵੇਂ ਇੰਮੀਗ੍ਰੇਂਟ ਵੀ ਅਪਲਾਈ ਕਰ ਸਕਦੇ ਹਨ



- Process Customer Orders and Plan deliveries
- Issue Invoices and Monthly Customer
- Statements, Process Credit Memos
- Track Shipping log and invoices
- Report Activity to upper management
- Perform clerical duties, purchase, track and invoice office supplies

Please send your resume by email at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).

7STAR IMMIGRATION

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ

With Our Expert Team

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant

Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca

1625 Steeles Ave E., Unit 17A, Brampton, ON L6T 4T7
Main Intersection- Steeles & Advance Blvd.



# ਸਿੱਧੂ ਬਾਰੇ ਪੰਜਾਬ ਦੀ ਕਾਂਗਰਸ ਵਿੱਚ ਖਿੱਚੋਤਾਣ

ਚੰਡੀਗੜ੍ਹ, 29 ਨਵੰਬਰ (ਪੋਸਟ ਬਿਊਰੋ)- ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਾਕਿ-ਸਤਾਨ ਯਾਤਰਾ ਬਾਰੇ ਕਾਂਗਰਸ 'ਚ ਖਿੱਚੋਤਾਣ ਚੱਲ ਰਹੀ ਹੈ ਅਤੇ ਆਗੂਆਂ 'ਚ ਮਤਭੇਦ ਉਭਰ ਕੇ ਸਾਹਮਣੇ ਆ ਰਹੇ ਹਨ।



ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਦਾ ਕਹਿਣਾ ਹੈ ਕਿ ਨਵਜੋਤ ਸਿੰਘ ਸਿੱਧੂ ਦੇ ਪਾਕਿਸਤਾਨ ਜਾਣ ਨੂੰ ਉਚਿਤ ਕਦਮ ਨਹੀਂ ਕਿਹਾ ਜਾ ਸਕਦਾ। ਇਸ ਤੋਂ ਪਹਿਲਾਂ ਸਿਹਤ ਮੰਤਰੀ ਬ੍ਰਹਮ ਮੋਹਿੰਦਰਾ ਨੇ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਾਕਿਸਤਾਨ ਨਾ ਜਾਣ ਦੇ ਫੈਸਲੇ ਨੂੰ ਸਹੀ ਠਹਿਰਾਇਆ ਸੀ। ਮਹੱਤਵ ਪੂਰਨ ਹੈ ਕਿ ਕਾਂਗਰਸ ਦਾ ਇਕ ਵਰਗ ਮੰਨਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਜੇ ਪਾਕਿਸਤਾਨ ਨਹੀਂ ਜਾਣਾ ਸੀ ਤਾਂ ਉਨ੍ਹਾਂ ਨੂੰ ਸਿੱਧਾ ਮਨ੍ਹਾਂ ਕਰਨ ਦੀ ਬਜਾਏ ਵਿਚਕਾਰਲਾ ਰਸਤਾ ਕੱਢਣਾ ਚਾਹੀਦਾ ਸੀ। ਇਕ ਵਰਗ ਸਿੱਧੂ ਦੇ ਪਾਕਿਸਤਾਨ ਜਾਣ ਨੂੰ ਠੀਕ ਨਹੀਂ ਮੰਨ ਰਿਹਾ ਜਿਸ ਵਿੱਚ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਵੀ ਹਨ। ਉਨ੍ਹਾ ਦਾ ਕਹਿਣਾ ਹੈ ਕਿ ਮੌਜੂਦਾ ਸਮੇਂ ਵਿੱਚ ਸਿੱਧੂ ਦੇ ਇਸ ਫੈਸਲੇ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਸਿੱਧੂ ਨੂੰ ਜਲਦੀ ਵਿੱਚ ਫੈਸਲਾ ਨਹੀਂ ਲੈਣਾ ਚਾਹੀਦਾ। ਕਰਤਾਰਪੁਰ ਲਾਂਘਾ ਬਣੇ, ਇਹ ਸਾਰੇ ਚਾਹੁੰਦੇ ਹਨ, ਪਰ ਪਾਕਿ-ਸਤਾਨ ਬਾਰੇ ਹਮੇਸ਼ਾ ਖਦਸ਼ਾ ਬਣਿਆ ਰਹਿੰਦਾ ਹੈ, ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਮਹੱਤਵ ਪੂਰਨ ਗੱਲ ਇਹ ਹੈ ਕਿ ਰਾਣਾ ਕੇ ਪੀ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਕਾਂਗਰਸ ਵਿੱਚ ਇਹ ਚਰਚਾ ਛਿੜੀ ਹੋਈ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਨਾ ਜਾ ਕੇ ਠੀਕ ਕੀਤਾ ਜਾਂ ਫਿਰ ਸਿੱਧੂ ਦਾ ਪਾਕਿਸਤਾਨ ਜਾਣ ਦਾ ਫੈਸਲਾ ਸਹੀ ਸੀ। ਮਹੱਤਵ ਪੂਰਨ ਇਹ ਵੀ ਹੈ ਕਿ ਕਾਂਗਰਸ ਦੇ ਦੋ ਵੱਡੇ ਹਿੰਦੂ ਚਿਹਰੇ ਰਾਣਾ ਕੇ ਪੀ ਅਤੇ ਬ੍ਰਹਮ ਮੋਹਿੰਦਰਾ ਨੇ ਪਹਿਲਾਂ ਵੀ ਕੈਪਟਨ ਦੇ ਪਾਕਿਸਤਾਨ ਨਾ ਜਾਣ ਦੇ ਫੈਸਲੇ ਨੂੰ ਸਹੀ ਦੱਸਿਆ ਸੀ। ਰਾਣਾ ਕੇ ਪੀ ਦਾ ਕਹਿਣਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਇਰਾਦਾ ਕੀ ਹੋ ਸਕਦਾ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਪਰ ਪਾਕਿਸਤਾਨੀ ਫੌਜ ਦੋਵਾਂ ਦੇਸ਼ਾਂ 'ਤ ਸ਼ਾਂਤੀ ਦਾ ਪ੍ਰਸਾਰ ਨਹੀਂ ਹੋਣ ਦੇਵੇਗੀ ਅਤੇ ਉਹ ਕਿਸੇ ਵੀ ਸਮੇਂ ਇਸ ਨੂੰ ਭੰਗ ਕਰ ਸਕਦੀ ਹੈ, ਇਸ ਖਦਸ਼ੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਸ਼੍ਰੋਮਣੀ ਕਮੇਟੀ ਦੇ ਕੱਢੇ ਮੁਲਾਜ਼ਮਾਂ ਨੂੰ ਨੌਕਰੀ ਬਹਾਲ ਹੋਣ ਦੀ ਆਸ ਬੱਝੀ

ਅੰਮ੍ਰਿਤਸਰ, 29 ਨਵੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਦੇ ਬਾਹਰ ਆਪਣੀ ਨੌਕਰੀ ਬਹਾਲ ਕਰਾਉਣ ਦੀ ਮੰਗ ਲਈ ਧਰਨੇ 'ਤੇ ਬੈਠੇ ਫਾਰਗ ਮੁਲਾਜ਼ਮਾਂ ਨੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੇ ਭਰੋਸੇ ਪਿੱਛੋਂ ਧਰਨਾ ਸਮਾਪਤ ਕਰ ਦਿੱਤਾ ਹੈ।




ਇਸ ਬਾਰੇ ਤਰਸੇਮ ਸਿੰਘ ਓਠੀਆਂ ਅਤੇ ਹੋਰਨਾਂ ਨੇ ਦੱਸਿਆ ਕਿ ਦੋ ਵਾਰ ਪਹਿਲਾਂ ਭਰੋਸੇ ਦਾ ਧੋਖਾ ਖਾਣ ਪਿੱਛੋਂ ਇਸ ਵਾਰ ਉਹ ਆਪਣਾ ਮਨ ਪੱਕਾ ਕਰ ਕੇ ਬੈਠੇ ਸਨ ਕਿ ਨੌਕਰੀ ਬਹਾਲ ਹੋਣ ਤੋਂ ਪਹਿਲਾਂ ਧਰਨਾ ਨਹੀਂ ਚੁੱਕਣਗੇ, ਪਰ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਭਾਈ ਮਨਜੀਤ ਸਿੰਘ ਅਤੇ ਸੰਤ ਗੁਰਮੀਤ ਸਿੰਘ ਤਰਲੋਕੇ ਵਾਲਾ (ਦੋਵੇਂ) ਮੈਂਬਰ ਅੰਤ੍ਰਿੰਗ ਕਮੇਟੀ ਅਤੇ ਮੈਂਬਰ ਭਗਵੰਤ ਸਿੰਘ ਸਿਆਲਕਾ ਨੇ ਸਾਨੂੰ ਦਸੰਬਰ ਵਿੱਚ ਨੌਕਰੀ 'ਤੇ ਬਹਾਲ ਕਰਨ ਦਾ ਭਰੋਸਾ ਦਿੱਤਾ ਤਾਂ ਅਸੀਂ ਇਹ ਧਰਨਾ ਸਮਾਪਤ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਦੇ ਭਰੋਸੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਦਿੱਤੇ ਸਨ, ਇਸ ਵਾਰ ਜ਼ਿੰਮੇਵਾਰ ਮੈਂਬਰਾਂ ਦੇ ਹਾਮੀ ਭਰਨ ਨਾਲ ਸਾਨੂੰ ਨੌਕਰੀ ਬਹਾਲ ਹੋਣ ਦੀ ਆਸ ਬੱਝੀ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਨੇ ਕਿਹਾ ਕਿ ਫਾਰਗ ਮੁਲਾਜ਼ਮਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਤੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲ ਨਾਲ ਗੱਲ ਕਰ ਕੇ ਨੌਕਰੀ 'ਤੇ ਬਹਾਲ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਫਰਾਗ ਮੁਲਾਜ਼ਮਾਂ ਵੱਲੋਂ ਹਾਈ ਕੋਰਟ 'ਚੋਂ ਕੇਸ ਵਾਪਸ ਲੈਣ ਉਪਰੰਤ ਉਨ੍ਹਾਂ ਨੂੰ ਨੌਕਰੀ 'ਤੇ ਬਹਾਲ ਕਰਨ ਦੀ ਪ੍ਰਕਿਰਿਆ ਆਰੰਭ ਦਿੱਤੀ ਜਾਵੇਗੀ।

# ਕਾਂਗਰਸੀ ਜ਼ਿਲਾ ਪ੍ਰੀਸ਼ਦ ਮੈਂਬਰ ਸਮੇਤ ਛੇ ਗ੍ਰਿਫਤਾਰ

ਰੋਪੜ, 29 ਨਵੰਬਰ (ਪੋਸਟ ਬਿਊਰੋ)- ਸਹੁਰੇ ਪਿੰਡ ਬਜਰੂੜ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰਨ ਵਾਲੇ ਜਵਾਈ ਦੇ ਕੇਸ ਵਿੱਚ ਪੁਲਸ ਨੇ ਸੀਨੀਅਰ ਕਾਂਗਰਸੀ ਨੇਤਾ ਤੇ ਜ਼ਿਲਾ ਪ੍ਰੀਸ਼ਦ ਮੈਂਬਰ ਸਮੇਤ ਛੇ ਲੋਕਾਂ ਦੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕਰ ਲਿਆ ਹੈ। ਤਿੰਨਾਂ ਦੋਸ਼ੀਆਂ ਨੂੰ ਪੁਲਸ ਨੇ ਮ੍ਰਿਤਕ ਕੋਲੋਂ ਮਿਲੇ ਸੁਸਾਈਡ ਨੋਟ ਦੇ ਆਧਾਰ 'ਤੇ ਗ੍ਰਿਫਤਾਰ ਕਰ ਲਿਆ ਹੈ ਅਤੇ ਅਗਲੀ ਕਾਰਵਾਈ ਜਾਰੀ ਹੈ।

ਮਿਲੀ ਜਾਣਕਾਰੀ ਅਨੁਸਾਰ 21 ਨਵੰਬਰ ਨੂੰ ਰਾਤ ਪਿੰਡ ਖਾਨਪੁਰ ਤਹਿਸੀਲ ਖਰੜ ਦੇ ਨੌਜਵਾਨ ਬਲਜੀਤ ਸਿੰਘ ਪੁੱਤਰ ਸੋਦਾਗਰ ਸਿੰਘ ਨੇ ਸਹੁਰੇ ਪਿੰਡ ਬਜਰੂੜ ਜਾ ਕੇ ਕਿਸਾਨ ਦੇ ਖੇਤ ਵਿੱਚ ਦਰੱਖਤ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ। ਉਸ ਦਾ ਵਿਆਹ ਕਰੀਬ ਚਾਰ ਸਾਲ ਪਹਿਲਾ ਪਿੰਡ ਬਜਰੂੜ ਵਿੱਚ ਹੋਇਆ ਤੇ ਉਸ ਦੀ ਪਤਨੀ ਕੁਝ ਮਹੀਨਿਆਂ ਤੋਂ ਪੇਕੇ ਵਿੱਚ ਰਹਿ ਰਹੀ ਸੀ। ਇਸ ਕੇਸ ਵਿੱਚ ਪੁਲਸ ਨੇ ਸਹੁਰੇ ਪੱਖ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਸੀ, ਪਰ ਮ੍ਰਿਤਕ ਦੇ ਸੁਸਾਈਡ ਨੋਟ ਦੇ ਆਧਾਰ 'ਤੇ ਅਤੇ ਮ੍ਰਿਤਕ ਦੇ ਚਾਚਾ ਕੁਲਵੰਤ ਸਿੰਘ ਪੁੱਤਰ ਪ੍ਰਕਾਸ਼ ਸਿੰਘ ਨਿਵਾਸੀ ਮੁਹੱਲਾ ਮਜਾਰਾ ਆਨੰਦਪੁਰ ਸਾਹਿਬ ਦੇ ਬਿਆਨ 'ਤੇ ਕਾਂਗਰਸ ਨੇਤਾ ਜ਼ਿਲਾ ਪ੍ਰੀਸ਼ਦ ਮੈਂਬਰ ਡਾ. ਦੇਸਰਾਜ ਪੁੱਤਰ ਲਛਮਣ ਦਾਸ ਪਿੰਡ ਨੰਗਲ ਅਬੀਆਣਾ, ਕਾਂਗਰਸ ਨੇਤਾ ਮਾ. ਭਜਨ ਸਿੰਘ ਪੁੱਤਰ ਕਪੂਰਾ ਰਾਮ ਪਿੰਡ ਮੁਕਾਰੀ, ਪਰਮਿੰਦਰ ਕੁਮਾਰ ਪੁੱਤਰ ਗੁਲਜ਼ਾਰ ਰਾਮ ਵਾਸੀ ਮਵਾ, ਬਲਜੀਤ ਸਿੰਘ ਪੁੱਤਰ ਕਿਸ਼ਨ ਚੰਦ ਵਾਸੀ ਬਜਰੂੜ, ਸਤਨਾਮ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਸਿੰਘਪੁਰ ਤੇ ਮੋਹਨ ਉਰਫ ਨੰਨੂ ਪੁੱਤਰ ਕਰਨੈਲ ਸਿੰਘ ਵਾਸੀ ਸਿੰਘਪੁਰ, ਥਾਣਾ ਨੂਰਪੁਰ ਬੇਦੀ ਦੇ ਖਿਲਾਫ ਕੇਸ ਦਰਜ ਕੀਤਾ ਹੈ। ਸਾਰੇ ਛੇ ਵਿਅਕਤੀਆਂ 'ਚੋਂ ਪੁਲਸ ਨੇ ਮੋਹਨ ਉਰਫ ਨੰਨੂ, ਬਲਜੀਤ ਸਿੰਘ ਤੇ ਸਤਨਾਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਹੋਰਾਂ ਦੀ ਭਾਲ ਕੀਤੀ ਜਾ ਰਹੀ ਹੈ।

# ਹਾਈ ਕੋਰਟ ਦੀ ਝਿੜਕ ਪਿੱਛੋਂ ਪੰਜਾਬ ਵਿੱਚ ਇੱਟ-ਭੱਠੇ ਬੰਦ ਕਰਨ ਦੇ ਹੁਕਮ




ਚੰਡੀਗੜ੍ਹ, 29 ਨਵੰਬਰ (ਪੋਸਟ ਬਿਊਰੋ)- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪੰਜਾਬ ਦੇ ਸਾਰੇ ਇੱਟ-ਭੱਠਿਆਂ ਨੂੰ ਇੱਕ ਨਵੰਬਰ ਤੋਂ 31 ਜਨਵਰੀ ਤੱਕ ਬੰਦ ਰੱਖਣ ਦੇ ਹੁਕਮਾਂ ਦੇ ਬਾਵਜੂਦ ਵੀ ਕਈ ਥਾਵਾਂ 'ਤੇ ਚੱਲ ਰਹੇ ਇੱਟ-ਭੱਠਿਆਂ 'ਤੇ ਹਾਈ ਕੋਰਟ ਨੇ ਸਖਤ ਰੁਖ਼ ਅਪਣਾ ਕੇ ਪੰਜਾਬ ਸਰਕਾਰ ਨੂੰ ਹੁਕਮ ਕੀਤਾ ਕਿ ਐਨ ਜੀ ਟੀ ਦੇ ਹੁਕਮ ਲਾਗੂ ਕਰ ਕੇ ਇਸ ਦੀ ਰਿਪੋਰਟ 13 ਦਸੰਬਰ ਨੂੰ ਅਗਲੀ ਸੁਣਵਾਈ ਉਤੇ ਹਾਈ ਕੋਰਟ ਵਿੱਚ ਪੇਸ਼ ਕੀਤੇ ਜਾਣ। ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਦੀ ਬੈਂਚ ਨੇ ਇਹ ਹੁਕਮ ਇਸ ਕੇਸ ਬਾਰੇ ਪੰਜਾਬ ਬ੍ਰਿਕ ਕਲਿਨ ਐਸੋਸੀਏਸ਼ਨ ਦੀ ਇੱਕ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਹਾਈ ਕੋਰਟ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਭੱਠੇ ਚੱਲ ਰਹੇ ਹਨ, ਉਨ੍ਹਾਂ ਇਲਾਕਿਆਂ ਦੇ ਐੱਸ ਐੱਸ ਪੀ, ਡਿਸਟ੍ਰਿਕਟ ਅਥਾਰਟੀ, ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਅਤੇ ਡੀ ਜੀ ਪੀ ਅਗਲੀ ਸੁਣਵਾਈ ਤੋਂ ਪਹਿਲਾਂ ਸਾਰੇ ਭੱਠਿਆਂ ਨੂੰ ਬੰਦ ਕਰ ਕੇ ਇਸ ਦੀ ਰਿਪੋਰਟ ਹਾਈ ਕੋਰਟ ਨੂੰ ਸੌਂਪਣ। ਦਾਇਰ ਪਟੀਸ਼ਨ ਵਿੱਚ ਪਟੀਸ਼ਨਰ ਸੰਸਥਾ ਨੇ ਹਾਈ ਕੋਰਟ ਨੂੰ ਦੱਸਿਆ ਕਿ ਪਹਿਲਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਨੌਂ ਅਪ੍ਰੈਲ ਨੂੰ ਹੁਕਮ ਦੇ ਕੇ ਸਾਰੇ ਇੱਟ-ਭੱਠੇ ਇੱਕ ਅਕਤੂਬਰ ਤੋਂ 31 ਜਨਵਰੀ ਤੱਕ ਬੰਦ ਰੱਖੇ ਜਾਣ ਦੇ ਹੁਕਮ ਦਿੱਤੇ ਸਨ।

# ਕੈਪਟਨ ਅਮਰਿੰਦਰ ਸਿੰਘ ਦੇ ਰਾਜ ਵਿੱਚ ਬਾਦਲਾਂ ਦਾ ਟਰਾਂਸਪੋਰਟ ਮਾਫੀਆ ਜਿਉਂ ਦਾ ਤਿਉਂ: 'ਆਪ'

ਚੰਡੀਗੜ੍ਹ, 29 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਤੱਕ ਪੰਜਾਬ ਦੀਆਂ ਬਸਾਂ ਦੇ ਮੁੱਦੇ ਉਤੇ ਆਮ ਆਦਮੀ ਪਾਰਟੀ ਪੰਜਾਬ ਨੇ ਦੋਸ਼ ਲਾਇਆ ਹੈ ਕਿ ਬਾਦਲ ਪਰਵਾਰ ਆਜੇ ਵੀ ਕੰਟਰੈਕਟ ਕੈਰੇਜ ਵਿੱਚ ਸਟੇਟ ਕੈਰੇਜ ਪਰਮਿਟ ਵਾਂਗ ਬੱਸਾਂ ਚਲਾ ਰਿਹਾ ਹੈ। ਆਪ ਪਾਰਟੀ ਮੁਤਾਬਕ ਇਹ ਗੈਰ-ਕਾਨੂੰਨੀ ਕੰਮ ਪੰਜਾਬ ਸਰਕਾਰ ਦੀ ਵਿਸ਼ੇਸ਼ ਮਿਹਰਬਾਨੀ ਨਾਲ ਹੋ ਰਿਹਾ ਹੈ।



ਕੱਲ੍ਹ ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਤੇ ਵਿਧਾਇਕ ਅਮਨ ਅਰੋੜਾ ਅਤੇ ਪ੍ਰੋਫੈਸਰ ਬਲਜਿੰਦਰ ਕੌਰ ਨੇ ਕਿਹਾ ਕਿ ਬਾਦਲ ਪਰਵਾਰ ਨੇ ਆਪਣੇ 10 ਸਾਲਾ ਮਾਫੀਆ ਰਾਜ ਦੌਰਾਨ ਨਿਯਮਾਂ-ਕਾਨੂੰਨਾਂ ਨੂੰ ਛਿੱਕੇ ਟੰਗ ਕੇ ਆਪਣੇ ਪਰਵਾਰਕ ਹਿੱਤਾਂ ਅਤੇ ਨਿੱਜੀ ਕਾਰੋਬਾਰ ਨੂੰ ਸਮੁੱਚੇ ਸਿਸਟਮ 'ਤੇ ਅਮਰ ਵੇਲ ਵਾਂਗ ਫੈਲਾਅ ਦਿੱਤਾ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਤੇ ਪੰਜਾਬ ਦੀ ਜਨਤਾ ਦੇ ਹਿੱਤ ਬਹਾਲ ਕਰਨ ਦੀ ਥਾਂ ਅੱਜ ਵੀ ਬਾਦਲ ਪਰਵਾਰ ਦੇ ਹਿੱਤ ਪੂਰ ਰਹੇ ਹਨ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਮੰਗ ਕੀਤੀ ਕਿ ਕੈਪਟਨ ਸਰਕਾਰ ਬਾਦਲ ਪਰਵਾਰ ਦੇ ਇਸ ਬੱਸ ਮਾਫੀਆ ਨੂੰ ਨੱਥ ਪਾਵੇ ਤਾਂ ਕਿ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਦੇ ਨਾਲ-ਨਾਲ ਲੋਕਾਂ ਦੀ ਲੁੱਟ ਬੰਦ ਹੋਵੇ। ਚੀਮਾ, ਅਰੋੜਾ ਤੇ ਪ੍ਰੋਫੈਸਰ ਬਲਜਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਇਹ ਮਸਲਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੋਲ ਉਠਾਇਆ ਹੈ।

# ਅਧਿਆਪਕਾ ਦੀ ਬਦਲੀ ਕਰਾਉਣ ਲਈ ਰਿਸ਼ਵਤ ਦਿੰਦਾ ਫੜਿਆ

ਮੋਹਾਲੀ, 29 ਨਵੰਬਰ (ਪੋਸਟ ਬਿਊਰੋ)- ਫੇਜ਼ 8 ਵਿੱਚ ਵਿੱਦਿਆ ਭਵਨ ਵਿੱਚ ਸੈਕਟਰੀ ਐਜੂਕੇਸ਼ਨ ਦੇ ਦਫਤਰ ਵਿੱਚ ਕੱਲ੍ਹ ਓਦੋਂ ਹੰਗਾਮਾ ਹੋ ਗਿਆ ਜਦੋਂ ਇਕ ਅਧਿਆਪਕਾ ਦੀ ਬਦਲੀ ਕਰਾਉਣ ਆਏ ਵਿਅਕਤੀ ਨੇ ਮਹਿਲਾ ਅਧਿਕਾਰੀ ਨੂੰ 10 ਹਜ਼ਾਰ ਦੀ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ। ਉਸ ਵਿਅਕਤੀ ਨੇ ਜਦੋਂ ਪੈਸੇ ਲਿਫਾਫੇ ਵਿੱਚ ਪਾ ਕੇ ਮਹਿਲਾ ਅਧਿਕਾਰੀ ਨੂੰ ਲਿਫਾਫਾ ਫੜਾਇਆ ਤਾਂ ਅਧਿਕਾਰੀ ਨੇ ਤੁਰੰਤ ਸੈਕਟਰੀ ਐਜੂਕੇਸ਼ਨ ਨੂੰ ਜਾਣਕਾਰੀ ਦਿੱਤੀ। ਪੁਲਸ ਨੇ ਉਸ ਵਿਅਕਤੀ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਦਰਜ ਕਰ ਲਿਆ। ਉਸ ਨੂੰ ਡਿਊਟੀ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਤੇ ਨਿਆਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ।

# ਪਾਕਿ ਦੇ ਲਈ ਜਾਸੂਸੀ ਕਰਨ ਵਾਲੇ ਬਰਖਾਸਤ ਜਵਾਨ ਦੀ ਅਰਜ਼ੀ ਰੱਦ

ਫਾਜ਼ਿਲਕਾ, 29 ਨਵੰਬਰ (ਪੋਸਟ ਬਿਊਰੋ)- ਦੇਸ਼ ਦੀ ਸੁਰੱਖਿਆ ਬਾਰੇ ਸੂਚਨਾਵਾਂ ਲੀਕ ਕਰਨ ਦੇ ਦੋਸ਼ ਵਿੱਚ ਫੜੇ ਜਾਣ ਉੱਤੇ ਬੀ ਐਸ ਐਫ ਦੇ ਕਾਂਸਟੇਬਲ ਸ਼ੇਖ਼ ਰਿਆਜ਼ੂਦੀਨ ਨੇ ਆਪਣੀ ਬਰਖਾਸਤਗੀ ਨੂੰ ਚੁਣੌਤੀ ਦੇਣ ਦੀ ਅਰਜ਼ੀ ਦਿੱਤੀ ਸੀ, ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਜਵਾਨ ਨੇ ਹਾਈ ਕੋਰਟ ਦੇ ਸਿੰਗਲ ਜੱਜ ਦੇ ਆਰਡਰ ਦੇ ਖਿਲਾਫ ਏਦਾਂ ਦੀ ਅਪੀਲ ਦਾਇਰ ਕੀਤੀ ਸੀ। ਉਸ ਨੇ ਦੋ ਮੁੱਖ ਨੁਕਤਿਆਂ 'ਤੇ ਜ਼ੋਰ ਦਿੱਤਾ ਸੀ ਜਿਸ ਵਿੱਚ ਬਰਖਾਸਤਗੀ ਦੇ ਆਰਡਰ ਵਿੱਚ ਕੋਈ ਕਾਰਨ ਨਾ ਦੱਸਿਆ ਜਾਣਾ ਅਤੇ ਉਸ ਨੂੰ ਸਰਵਿਸ ਤੋਂ ਡਿਸਮਿਸ ਕੀਤੇ ਜਾਣ ਵਾਲੇ ਕਮਾਂਡੈਂਟ ਨੂੰ ਇਸ ਦਾ ਅਧਿਕਾਰ ਨਾ ਹੋਣਾ ਸ਼ਾਮਲ ਸੀ। ਬਰਖਾਸਤ ਜਵਾਨ ਨੂੰ ਸਤੰਬਰ 2014 ਵਿੱਚ ਬਰਖਾਸਤਗੀ ਦਾ ਆਰਡਰ ਬੀ ਐੱਸ ਐੱਫ ਰੂਲ ਦੀ ਧਾਰਾ 22 (2) ਦੇ ਤਹਿਤ ਦਿੱਤਾ ਗਿਆ ਸੀ।



ਹਾਈ ਕੋਰਟ ਦੇ ਬੈਂਚ ਨੇ ਕਿਹਾ ਕਿ ਜੇ ਯੋਗ ਅਥਾਰਟੀ ਨੇ ਇਸ ਰੂਲ ਹੇਠ ਜੇ ਰਾਸ਼ਟਰੀ ਹਿੱਤ ਵਿੱਚ ਕੋਈ ਨੋਟਿਸ ਜਾਰੀ ਕੀਤਾ ਹੈ ਤਾਂ ਉਸ ਦੇ ਖਿਲਾਫ ਲਗਾਤਾਰ ਅਨੁਸ਼ਾਸਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ। ਕੇਸ ਵਿੱਚ ਬਾਕ-ਾਇਦਾ ਦੱਸਿਆ ਗਿਆ ਹੈ ਕਿ ਵਿਭਾਗੀ ਕਾਰਵਾਈ ਕਿਉਂ ਨਹੀਂ ਕੀਤੀ ਗਈ। ਆਰਡਰ ਆਪਣੇ ਆਪ ਵਿੱਚ ਸਪੀਕਿੰਗ ਆਰਡਰ ਹਨ। ਸ਼ਿਕਾਇਤ ਅਨੁਸਾਰ ਸ਼ੇਖ਼ ਰਿਆਜ਼ੂਦੀਨ ਨੇ ਮਮਦੋਟ ਫਿਰੋਜ਼ਪੁਰ ਸੀਕ੍ਰੇਟ ਅਤੇ ਕਲਾਸੀਫਾਈਡ ਬੀ ਐੱਸ ਐੱਫ ਸੰਬੰਧੀ ਪਾਕਿਸਤਾਨ ਨੂੰ ਸੀਕ੍ਰੇਟ ਸੂਚਨਾਵਾਂ ਅਤੇ ਸਰਹੱਦ ਦੀ ਫੇਂਸਿੰਗ, ਸੜਕਾਂ ਦੀ ਫੁਟੇਜ, ਯੂਨਿਟ ਦੇ ਅਧਿਕਾਰੀਆਂ ਦੇ ਕਾਂਟੈਕਟ ਨੰਬਰ ਸੋਸ਼ਲ ਮੀਡੀਆ, ਫੇਸਬੁਕ ਅਤੇ ਮੈਸੇਂਜਰ ਵੱਲੋਂ ਮੋਬਾਈਲ ਫੋਨ ਤੋਂ 'ਪਾਕਿਸਤਾਨ ਇੰਟੈਜੀਲੈਂਸ ਆਪਰੇਟਿਵ ਦੇ ਮਿਰਜ਼ਾ ਫੈਸਲ' ਨੂੰ ਪਾਕਿਸਤਾਨ ਵਿੱਚ ਭੇਜਦਾ ਸੀ।

# ਮਾਰਕਫੈਡ ਦਾ ਮੈਨੇਜਰ ਤੇ ਡਿਪਟੀ ਮੈਨੇਜਰ ਰਿਸ਼ਵਤ ਲੈਂਦੇ ਫੜੇ

ਚੰਡੀਗੜ੍ਹ, 29 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਭਾਦਸੋਂ, ਪਟਿਆਲਾ ਵਿੱਚ ਤੈਨਾਤ ਮਾਰਕਫੈਡ ਦੇ ਮੈਨੇਜਰ ਕਮ ਖੇਤਰੀ ਅਫਸਰ ਤੇ ਡਿਪਟੀ ਮੈਨੇਜਰ ਨੂੰ 50 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਫੜਿਆ ਹੈ।

ਬਿਊਰੋ ਦੇ ਬੁਲਾਰੇ ਨੇ ਦੱਸਿਆ ਮੈਨਜਰ ਕਮ ਖੇਤਰੀ ਅਫਸਰ ਸੰਦੀਪ ਸ਼ਰਮਾ ਅਤੇ ਡਿਪਟੀ ਮੈਨੇਜਰ ਵਿਸ਼ਾਲ ਗੁਪਤਾ ਨੂੰ ਸ਼ਿਕਾਇਤ ਕਰਤਾ ਜਸਵੀਰ ਸਿੰਘ ਵਾਸੀ ਦਰਗਾਪੁਰ, ਜ਼ਿਲ੍ਹਾ ਪਟਿਆਲਾ ਦੀ ਸ਼ਿਕਾਇਤ 'ਤੇ 50 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜਿਆ ਗਿਆ ਹੈ। ਸ਼ਿਕਾਇਤ ਕਰਤਾ ਨੇ ਬਿਊਰੋ ਨੂੰ ਦੱਸਿਆ ਕਿ ਮਾਰਕਫੈਡ ਵੱਲੋਂ ਖਰੀਦੇ ਗਏ ਝੋਨੇ ਦੀ ਫਸਲ ਉਸ ਦੇ ਸ਼ੈਲਰ ਵਿੱਚ ਸਟੋਰ ਕਰਨ ਦੇ ਬਦਲੇ ਉਕਤ ਅਧਿਕਾਰੀ 2.50 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਤੋਂ 50 ਹਜ਼ਾਰ ਰੁਪਏ ਮੰਗਦੇ ਹਨ। ਵਿਜੀਲੈਂਸ ਨੇ ਸ਼ਿਕਾਇਤ ਦੀ ਜਾਂਚ ਪਿੱਛੋਂ ਦੋਸ਼ੀਆਂ ਨੂੰ ਦੋ ਸਰਕਾਰੀ ਗਵਾਹਾਂ ਦਾ ਹਾਜ਼ਰੀ ਵਿੱਚ 50 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਫੜ ਲਿਆ। ਬੁਲਾਰੇ ਨੇ ਦੱਸਿਆ ਕਿ ਦੋਸ਼ੀਆਂ ਦੇ ਖਿਲਾਫ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਦੇ ਤਹਿਤ ਪਟਿਆਲਾ ਸਥਿਤ ਵਿਜੀਲੈਂਸ ਬਿਊਰੋ ਦੇ ਥਾਣੇ ਵਿੱਚ ਮੁਕੱਦਮਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਹੇਲੀ ਬਣ ਕੇ ਆਈ ਅਤੇ ਮਹਿਲਾ ਅਫਸਰ ਦੇ ਘਰੋਂ ਸੋਨਾ ਚੋਰੀ ਕਰ ਕੇ ਲੈ ਗਈ



ਜਲੰਧਰ, 29 ਨਵੰਬਰ (ਪੋਸਟ ਬਿਊਰੋ)- ਸੂਰਿਆ ਇਨਕਲੇਵ ਵਿੱਚ ਜ਼ਿਲ੍ਹਾ ਖੇਤੀਬਾੜੀ ਵਿਭਾਗ ਵਿੱਚ ਡਿਪਟੀ ਪ੍ਰੋਜੈਕਟ ਡਾਇਰੈਕਟਰ ਰਮਨਦੀਪ ਕੌਰ ਦੇ ਘਰ ਵੜ ਕੇ ਇੱਕ ਔਰਤ ਲੱਖਾਂ ਰੁਪਏ ਦੇ ਗਹਿਣੇ ਲੈ ਗਈ।

ਮਿਲੀ ਜਾਣਕਾਰੀ ਅਨੁਸਾਰ ਦੋਸ਼ੀ ਔਰਤ ਨੇ ਘਰ ਵਿੱਚ ਵੜ ਕੇ ਰਮਨਦੀਪ ਦੀ 68 ਸਾਲਾ ਸੱਸ ਨਿਰਮਲਾ ਦੇਵੀ ਨੂੰ ਦੱਸਿਆ ਕਿ ਉਹ ਉਨ੍ਹਾਂ ਦੀ ਨੂੰਹ ਦੀ ਦੋਸਤ ਹੈ। ਰਮਨਦੀਪ ਨਾਲ ਬਹੁਤ ਜ਼ਰੂਰੀ ਕੰਮ ਹੈ। ਇਸ ਦੇ ਬਾਅਦ ਕਿਸੇ ਦਾ ਫੋਨ ਸੁਣਨ ਦੇ ਬਹਾਨੇ ਕੰਨ 'ਤੇ ਮੋਬਾਈਲ ਲਾ ਕੇ ਰਮਨਦੀਪ ਦੇ ਕਮਰੇ ਵਿੱਚ ਗਈ ਅਤੇ ਸੋਨੇ ਦੀਆਂ ਤਿੰਨ ਚੇਨ, ਪੰਜ ਅੰਗੂਠੀਆਂ, ਤਿੰਨ ਲਾਕੇਟ, ਦੋ ਜੋੜੀ ਟਾਪਸ ਅਤੇ ਚਾਂਦੀ ਦੇ ਗਹਿਣੇ ਚੋਰੀ ਕਰ ਲਏ। ਰਮਨਦੀਪ ਨੇ ਸ਼ਾਮ ਨੂੰ ਅਲਮਾਰੀ ਦਾ ਲਾਕਰ ਟੁੱਟਾ ਦੇਖ ਕੇ ਜਦ ਸੱਸ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਤੇਰੀ ਇੱਕ ਦੋਸਤ ਆਈ ਸੀ। ਰਮਨਦੀਪ ਪਤਨੀ ਵਿਜੇਦੀਪ ਨੇ ਪੁਲਸ ਨੂੰ ਲਾਕਰ ਤੋੜ ਕੇ ਤਿੰਨ ਗੋਲਡ ਚੇਨ, ਤਿੰਨ ਲਾਕੇਟ, ਪੰਜ ਰਿੰਗ, ਦੋ ਜੋੜੀ ਟਾਪਸ ਅਤੇ ਚਾਂਦੀ ਦੇ ਗਹਿਣੇ ਚੋਰੀ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਹੈ। ਗੁਆਂਢੀਆਂ ਦੇ ਘਰ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਵਿੱਚ ਔਰਤ ਇਕੱਲੇ ਘਰ ਵਿੱਚ ਦਾਖਲ ਹੁੰਦੀ ਦਿਖਾਈ ਦੇਂਦੀ ਹੈ। ਕੁਝ ਦੇਰ ਪਹਿਲਾਂ ਉਹੀ ਔਰਤ ਇੱਕ ਵਿਅਕਤੀ ਦੇ ਨਾਲ ਟੂ-ਵ੍ਹੀਹਲਰ 'ਤੇ ਘਰ ਦੇ ਆਸਪਾਸ ਰੇਕੀ ਕਰਦੇ ਹੋਏ ਦਿਖਾਈ ਦਿੱਤੀ।


JEYA

LOOKING FOR LONG/SHORT HAULS

Hiring Team Drivers & Single drivers

DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

Sakshi: 647-534-5770 | Riki: 647-963-7131

Office: 905-564-8851

Email: ramesh@jeyatransport.com/sakshi@jeyatransport.com

PLATINUM MORTGAGES

FOR ALL MORTGAGE NEEDS

QUICK MORTGAGE ARRANGEMENT

2ND MORTGAGE

- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING

Professional & Quality Service Guaranteed





Kanwaljit S. Dhunna
Mortgage broker

416.301.1976

Email: kdhunna62@gmail.com

Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

www.AREA REALTOR.com




KAMAL SANDHU

Sales Representative

647.891.0143

905.488.2100 ext. 407



## ਡਾਕਟਰ ਛੁੱਟੀ ਉੱਤੇ, ਨਰਸਾਂ ਨੇ ਵਟਸਐਪ ਉੱਤੇ ਪੁੱਛ ਕੇ ਟੀਕਾ ਲਾਇਆ, ਮਰੀਜ਼ ਮਰ ਗਿਆ



ਜਗਾਧਰੀ, 29 ਨਵੰਬਰ (ਪੋਸਟ ਬਿਊਰੋ)- ਮੈਕਸਵੇਲ ਹਸਪਤਾਲ ਵਿੱਚ ਦੋਵੇਂ ਡਾਕਟਰ ਛੁੱਟੀ 'ਤੇ ਹੋਣ ਪਿੱਛੋਂ ਨਰਸਿੰਗ ਸਟਾਫ ਨੇ ਇੱਕ ਮਰੀਜ਼ ਭਰਤੀ ਕਰ ਲਿਆ। ਉਸ ਦੇ ਬਾਅਦ ਹੈੱਡ ਨਰਸ ਨੇ ਵਾਟਸਐਪ ਉੱਤੇ ਰਿਪੋਰਟ ਭੇਜ ਕੇ ਡਾਕਟਰ ਦੀ ਸਲਾਹ ਲਈ ਤੇ ਮਰੀਜ਼ ਨੂੰ ਇੰਜੈਕਸ਼ਨ ਲਾ ਦਿੱਤਾ। ਕੁਝ ਘੰਟੇ ਬਾਅਦ ਮਰੀਜ਼ ਦੇ ਵਾਰਸਾਂ ਨੂੰ ਉਸ ਦੀ ਮੌਤ ਦੀ ਸੂਚਨਾ ਮਿਲ ਗਈ। ਪਰਵਾਰ ਨੇ ਹਸਪਤਾਲ 'ਤੇ ਲਾਪਰਵਾਹੀ ਦਾ ਦੋਸ਼ ਲਾ ਕੇ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ। ਜਗਾਧਰੀ ਦੇ ਸਿਟੀ ਥਾਣਾ ਦੇ ਇੰਚਾਰਜ ਰਾਜੀਵ ਮਿਗਲਾਨੀ ਨੇ ਦੱਸਿਆ ਕਿ ਪਰਵਾਰ ਨੇ ਹਸਪਤਾਲ ਦੇ ਖਿਲਾਫ ਇੱਕ ਸ਼ਿਕਾਇਤ ਦਿੱਤੀ ਹੈ। ਮੌਤ ਦੀ ਵਜ੍ਹਾ ਪਤਾ ਲੱਗਣ ਲਈ ਪੋਸਟਮਾਰਟਮ ਰਿਪੋਰਟ ਦਾ ਇੰਤਜ਼ਾਰ ਹੈ। ਇਸ ਸੰਬੰਧ ਵਿੱਚ ਮਾਂਡਖੇੜੀ ਦੀਆਂ ਟੱਪਰੀਆਂ ਦੀ ਕਮਲਾ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਬਲਜੀਤ (62) ਨੂੰ ਕੱਲ੍ਹ ਸ਼ਾਮ ਉਲਟੀਆਂ ਹੋਣ ਲੱਗੀਆਂ ਤਾਂ ਦੋਵੇਂ ਬੇਟੇ ਆਪਣੇ ਪਿਤਾ ਨੂੰ ਬਾਈਕ 'ਤੇ ਬਿਠਾ ਕੇ ਹਸਪਤਾਲ ਲੈ ਗਏ। ਓਥੇ ਡਾਕਟਰ ਨਹੀਂ ਸਨ, ਤਦ ਵੀ ਬਲਜੀਤ ਨੂੰ ਭਰਤੀ ਕਰ ਲਿਆ। ਕਮਲਾ ਦੇ ਮੁਤਾਬਕ ਸਾਰੀ ਰਾਤ ਹੈੱਡ ਨਰਸ ਤੋਂ ਪੁੱਛਦੇ ਰਹੇ ਕਿ ਪਤੀ ਦੀ ਹਾਲਤ ਕਿਵੇਂ ਹੈ, ਉਨ੍ਹਾਂ ਦੇ ਸੀਰੀਅਸ ਹੋਣ ਵਰਗੀ ਕੋਈ ਗੱਲ ਨਹੀਂ ਦੱਸੀ ਗਈ। ਇੰਨਾ ਹੀ ਦੱਸਿਆ ਕਿ ਸਿਰਫ ਸਾਹ ਦੀ ਦਿੱਕਤ ਹੈ। ਡਾਕਟਰ ਕਦੋਂ ਆਉਣਗੇ, ਇਹ ਪੁੱਛਣ 'ਤੇ ਵੀ ਜਵਾਬ ਨਹੀਂ ਦਿੱਤਾ। ਹੈਡ ਨਰਸ ਤੇ ਹੈਲਪਰ ਡਾਕਟਰ ਤੋਂ ਮੋਬਾਈਲ 'ਤੇ ਗੱਲ ਕਰ ਕੇ ਹਰ ਰਿਪੋਰਟ ਵਾਟਸਐਪ 'ਤੇ ਭੇਜ ਕੇ ਇਲਾਜ ਕਰਦੇ ਰਹੇ। ਭਰਤੀ ਫੀਸ ਦੇ ਇੱਕ ਹਜ਼ਾਰ ਤੇ ਦਵਾਈਆਂ ਅਤੇ ਇੰਜੈਕਸ਼ਨ ਦੇ 1500 ਰੁਪਏ ਲੈ ਲਏ। ਸਵੇਰੇ ਅੱਠ ਵਜੇ ਦੱਸਿਆ ਕਿ ਬਲਜੀਤ ਦੀ ਮੌਤ ਹੋ ਗਈ ਹੈ। ਬਲਜੀਤ ਹਿੰਦੂ ਗਰਲਜ਼ ਸਕੂਲ ਵਿੱਚ ਸੇਵਾਦਾਰ ਸੀ। ਪਰਵਾਰ ਦਾ ਦੋਸ਼ ਹੈ ਕਿ ਹਸਪਤਾਲ ਸਟਾਫ ਨੇ ਪੈਸੇ ਦੇ ਲਾਲਚ ਵਿੱਚ ਬਿਨਾ ਡਾਕਟਰ ਦੇ ਮਰੀਜ਼ ਭਰਤੀ ਕਰ ਕੇ ਗਲਤ ਇਲਾਜ ਕੀਤਾ।

## ਮਹਾਰਾਸ਼ਟਰ ਵਿੱਚ ਮਰਾਠਾ ਭਾਈਚਾਰੇ ਨੂੰ ਨੌਕਰੀ ਤੇ ਸਿੱਖਿਆ ’ਚ ਰਿਜ਼ਰਵੇਸ਼ਨ ਦਾ ਬਿੱਲ ਪਾਸ



ਮੁੰਬਈ, 29 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਵਿਧਾਨ ਸਭਾ ਨੇ ਅੱਜ ਵੀਰਵਾਰ ਨੂੰ ਮਰਾਠਾ ਲੋਕਾਂ ਨੂੰ ਸਮਾਜਿਕ ਅਤੇ ਸਿੱਖਿਅਕ ਰੂਪ ਨਾਲ ਪਛੜੀ ਸ਼੍ਰੇਣੀ ਵਜੋਂ 16 ਫੀਸਦੀ ਰਿਜ਼ਰਵੇਸ਼ਨ ਦੇਣ ਦਾ ਬਿੱਲ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਹੈ। ਕੈਬਨਿਟ ਦੀ ਮਨਜ਼ੂਰੀ ਨਾਲ ਇਹ ਬਿੱਲ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਵਿਧਾਨ ਸਭਾ ਵਿਚ ਪੇਸ਼ ਕੀਤਾ, ਜੋ ਆਵਾਜ਼ ਮਤ ਨਾਲ ਪਾਸ ਕੀਤਾ ਗਿਆ। ਬਾਅਦ ’ਚ ਵਿਧਾਨ ਪ੍ਰੀਸ਼ਦ ਨੇ ਵੀ ਇਸ ’ਤੇ ਮੋਹਰ ਲਾ ਦਿੱਤੀ।

ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਅੱਜ ਮਹਾਰਾਸ਼ਟਰ ਵਿਧਾਨ ਸਭਾ ਵਿਚ ਬਿੱਲ ਪੇਸ਼ ਕਰਦਿਆਂ ਕਿਹਾ, ‘ਅਸੀਂ ਮਰਾਠਾ ਰਿਜ਼ਰਵੇਸ਼ਨ ਲਈ ਪ੍ਰਕਿਰਿਆ ਪੂਰੀ ਕਰ ਕੇ ਅੱਜ ਬਿੱਲ ਲਿਆਂਦਾ ਹੈ।’ ਪਹਿਲਾਂ ਵਿਧਾਨ ਸਭਾ ਵਿੱਚ ਇਹ ਬਿੱਲ ਆਮ ਸਹਿਮਤੀ ਨਾਲ ਪਾਸ ਹੋ ਕੇ ਵਿਧਾਨ ਪ੍ਰੀਸ਼ਦ ਗਿਆ, ਜਿੱਥੋਂ ਇਸ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਹ ਵੀ ਖਬਰ ਹੈ ਕਿ ਸਰਕਾਰ ਦੀਂ ਕੋਸ਼ਿਸ਼ 5 ਦਸੰਬਰ ਤਕ ਇਸ ਰਾਜ ਵਿਚ ਮਰਾਠਾ ਰਿਜ਼ਰਵੇਸ਼ਨ ਲਾਗੂ ਕਰਨ ਦੀ ਹੈ। ਅਗਲੇ 5 ਦਿਨਾਂ ਵਿਚ ਕਾਨੂੰਨੀ ਕਾਰਵਾਈ ਪੂਰੀ ਕਰ ਕੇ ਇਸ ਨੂੰ ਅਮਲ ਵਿਚ ਲਿਆਂਦਾ ਜਾਵੇਗਾ। ਕਾਂਗਰਸ ਨੇਤਾ ਅਸ਼ੋਕ ਚੌਹਾਨ ਨੇ ਮਰਾਠਾ ਰਿਜ਼ਰਵੇਸ਼ਨ ਬਿੱਲ ਪਾਸ ਹੋਣ ਲਈ ਪੂਰੇ ਮਰਾਠਾ ਭਾਈਚਾਰੇ ਨੂੰ ਸਿਹਰਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਮਰਾਠਾ ਭਾਈਚਾਰੇ ਦੇ ਰਿਜ਼ਰਵੇਸ਼ਨ ਦੀ ਮੰਗ 1980 ਦੇ ਦਹਾਕੇ ਤੋਂ ਪੈਂਡਿੰਗ ਸੀ। ਇਸ ਰਾਜ ਦੇ ਪਿਛੜਾ ਕਮਿਸ਼ਨ ਨੇ 25 ਵੱਖ-ਵੱਖ ਆਧਾਰ ਉੱਤੇ ਮਰਾਠਿਆਂ ਦੇ ਸਮਾਜਿਕ, ਸਿੱਖਿਅਕ ਅਤੇ ਆਰਥਿਕ ਆਧਾਰ ’ਤੇ ਪਿਛੜਾ ਹੋਣ ਦੀ ਜਾਂਚ ਕੀਤੀ ਸੀ। ਇਸ ਵਿਚੋਂ ਸਾਰੇ ਪੱਧਰਾਂ ’ਤੇ ਮਰਾਠਿਆਂ ਦੀ ਸਥਿਤੀ ਤਰਸ ਯੋਗ ਦੇਖੀ ਗਈ। ਇਸ ਦੌਰਾਨ ਕੀਤੇ ਸਰਵੇ ’ਚ 43 ਹਜ਼ਾਰ ਮਰਾਠਾ ਪਰਿਵਾਰਾਂ ਦੀ ਸਥਿਤੀ ਜਾਣੀ ਗਈ ਸੀ।

## ਕਸੌਲੀ ਵਿੱਚ ਨਾਜਾਇਜ਼ ਢਾਂਚੇ ਰੈਗੂਲਰ ਕਰਨ ਉੱਤੇ ਕੋਰਟ ਨੇ ਰੋਕ ਲਾਈ



ਨਵੀਂ ਦਿੱਲੀ, 29 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਹਿਮ-ਾਚਲ ਪ੍ਰਦੇਸ਼ ਦੇ ਪ੍ਰਸਿੱਧ ਟੂਰਿਸਟ ਸਥਾਨ ਕਸੌਲੀ ਵਿੱਚ ਕਬਜ਼ੇ ਵਾਲੇ ਢਾਂਚਿਆਂ ਦੇ ਰੈਗੂਲਰ ਕਰਨ ਦੀ ਮਨਜ਼ੂਰੀ ਦੇਣ ਵਾਲੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਦੇ ਹੁਕਮਾਂ 'ਤੇ ਰੋਕ ਲਾ ਦਿੱਤੀ ਹੈ। ਵਾਤਾਵਰਣ ਮੁਆਵਜ਼ੇ ਦਾ ਭੁਗਤਾਨ ਕਰਨ ਨਾਲ ਨਾਜਾਇਜ਼ ਕਬਜ਼ੇ ਵਾਲੇ ਸਾਰੇ ਢਾਂਚਿਆਂ ਨੂੰ ਰੈਗੂਲਰ ਕਰਨ ਲਈ ਐਨ ਜੀ ਟੀ ਨੇ ਹੁਕਮ ਦਿੱਤਾ ਸੀ।

ਜਸਟਿਸ ਐਮ ਬੀ ਲੋਕੁਰ, ਜਸਟਿਸ ਐੱਸ ਅਬਦੁਲ ਨਜ਼ੀਰ ਅਤੇ ਜਸਟਿਸ ਦੀਪਕ ਗੁਪਤਾ ਦੀ ਬੈਂਚ ਨੇ ਕੱਲ੍ਹ ਇਸ ਬਾਰੇ ਹੁਕਮ ਕੀਤਾ ਕਿ ਐੱਨ ਜੀ ਟੀ ਦੇ ਪੰਜ ਅਕਤੂਬਰ ਦੇ ਹੁਕਮ ਉੱਤੇ ਅਗਲੀ ਕਾਰਵਾਈ ਤੱਕ ਰੋਕ ਲੱਗੀ ਰਹੇਗੀ। ਇਸ ਕੇਸ ਦੀ ਸੁਣਵਾਈ 2019 ਦੇ ਦੂਸਰੇ ਹਫਤੇ ਵਿੱਚ ਤੈਅ ਕਰਦੇ ਹੋਏ ਅਦਾਲਤ ਨੇ ਕਿਹਾ, ਸਾਨੂੰ ਲੱਗਦਾ ਹੈ ਕਿ ਇਸ ਮਾਮਲੇ ਵਿੱਚ ਐੱਨ ਜੀ ਟੀ ਦਾ ਨਿਰਦੇਸ਼ ਇਸ ਕੋਰਟ ਵੱਲੋਂ ਸਮੇਂ-ਸਮੇਂ 'ਤੇ ਦਿੱਤੇ ਹੁਕਮਾਂ ਨਾਲ ਤਾਲਮੇਲ ਨਹੀਂ ਰੱਖਦਾ। ਇਨ੍ਹਾਂ ਹਾਲਾਤ ਵਿੱਚ ਅਗਲੇ ਹੁਕਮਾਂ ਤੱਕ ਇਸ ਨਿਰਦੇਸ਼ 'ਤੇ ਰੋਕ ਲੱਗੀ ਰਹੇਗੀ। ਵਰਨਣ ਯੋਗ ਹੈ ਕਿ ਕਸੌਲੀ ਵਿੱਚ ਗੈਰ ਕਾਨੂੰਨੀ ਉਸਾਰੀ ਨਾਲ ਸੰਬੰਧਤ ਕੇਸ ਦੀ ਸੁਣਵਾਈ ਵੇਲੇ ਐੱਨ ਜੀ ਟੀ ਨੇ ਪੰਜ ਅਕਤੂਬਰ ਨੂੰ ਕਈ ਨਿਰਦੇਸ਼ ਪਾਸ ਕੀਤੇ ਸਨ। ਇਨ੍ਹਾਂ ਵਿੱਚ ਵਾਤਾਵਰਣੀ ਮੁਆਵਜ਼ੇ ਦਾ ਭੁਗਤਾਨ ਕਰਨ ਪਿੱਛੋਂ ਗੈਰ ਕਾਨੂੰਨੀ ਨਿਰਮਾਣ ਨੂੰ ਰੈਗੂਲਰ ਕੀਤਾ ਜਾਣਾ ਸੀ। ਐਨ ਜੀ ਟੀ ਦੇ ਨਿਰਦੇਸ਼ ਨੰਬਰ ਪੰਜ ਵਿੱਚ ਕਿਹਾ ਗਿਆ ਹੈ, ਗੈਰ ਕਾਨੂੰਨੀ ਢਾਂਚਿਆਂ ਦੇ ਸੰਬੰਧ ਵਿੱਚ ਜਿੱਥੇ ਯੋਜਨਾ ਸੌਂਪੀ ਗਈ ਹੈ ਅਤੇ ਇਸ ਫੈਸਲੇ ਤੋਂ ਪਹਿਲਾਂ ਨਿਰਮਾਣ ਕੰਮ ਪੂਰਾ ਹੋ ਚੁੱਕਾ ਹੈ।

## ਵੋਟਾਂ ਵਾਲੇ ਦਿਨ ਪੈਦਾ ਹੋਏ ਬੇਟੇ ਦਾ ਨਾਂ ‘ਮਤਦਾਨ’ ਰੱਖ ਦਿੱਤਾਅ

ਦੇਵਾਸ, 29 ਨਵੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ’ਚ ਬੁੱਧਵਾਰ ਪਈਆਂ ਵੋਟਾਂ ਵੇਲੇ ਇਕ ਵੱਖਰੀ ਦਿਲਚਸਪ ਘਟਨਾ ਵਾਪਰੀ ਹੈ। ਇਕ ਵਿਅਕਤੀ ਆਪਣੀ ਗਰਭਵਤੀ ਪਤਨੀ ਨੂੰ ਹਸਪਤਾਲ ਛੱਡ ਕੇ 120 ਕਿਲੋਮੀਟਰ ਦੂਰ ਆਪਣੇ ਹਲਕੇ ’ਚ ਵੋਟ ਪਾਉਣ ਗਿਆ। ਪਿੱਛੋਂ ਪਤਨੀ ਨੇ ਬੇਟੇ ਨੂੰ ਜਨਮ ਦਿੱਤਾ, ਉਸ ਦਾ ਨਾਂ ‘ਮਤਦਾਨ’ ਰੱਖਿਆ ਗਿਆ। ਮਿਲੀਆਂ ਖਬਰਾਂ ਮੁਤਾਬਕ ਜ਼ਿਲਾ ਦੇਵਾਸ ਦੇ ਖਾਤੇਗਾਂਵ ਪੋਲਿੰਗ ਸਟੇਸ਼ਨ ਵਿਖੇ 26 ਸਾਲਾ ਨੌਜਵਾਨ ਸੰਤੋਸ਼ ਕਤਾਰ ’ਚ ਖੜ੍ਹਾ ਸੀ। ਉਹ ਵਾਰ-ਵਾਰ ਗੁੱਟ ’ਤੇ ਬੰਨ੍ਹੀ ਘੜੀ ਦੇਖਦਾ ਆਪਣੀ ਵੋਟ ਪਾਉਣ ਲਈ ਵਾਰੀ ਦੀ ਉਡੀਕ ਕਰ ਰਿਹਾ ਸੀ। ਵਾਰੀ ਆਉਣ ’ਤੇ ਉਸ ਨੇ ਵੋਟ ਪਾਈ ਅਤੇ ਉਸ ਹਸਪਤਾਲ ਪੁੱਜਾ, ਜਿੱਥੇ ਉਹ ਆਪਣੀ ਪਤਨੀ ਨੂੰ ਦਾਖਲ ਕਰਵਾ ਕੇ ਆਇਆ ਸੀ। ਜਦੋਂ ਪਤਾ ਲੱਗਾ ਕਿ ਉਸ ਦੇ ਘਰ ਬੇਟੇ ਨੇ ਜਨਮ ਲਿਆ ਹੈ ਤਾਂ ਉਸ ਨੂੰ ਇੰਨੀ ਖੁਸ਼ੀ ਹੋਈ ਕਿ ਉਸ ਨੇ ਉਸ ਦਾ ਨਾਂ ਹੀ ‘ਮਤਦਾਨ’ ਰੱਖ ਦਿੱਤਾ।

## ਕੇਂਦਰੀ ਮੰਤਰੀ ਗਿਰੀਰਾਜ ਨੇ ਦਾਰੂਲ ਉਲੂਮ ਦੇਵਬੰਦ ਨੂੰ ਦਹਿਸ਼ਤ ਦਾ ਮੰਦਰ ਕਿਹਾ



ਦੇਵਬੰਦ, 29 ਨਵੰਬਰ (ਪੋਸਟ ਬਿਊਰੋ)- ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਦਾਰੂਲ ਉਲੂਮ ਦੇਵਬੰਦ ਬਾਰੇ ਵਿਵਾਦ ਦਾ ਬਿਆਨ ਦੇਂਦੇ ਹੋਏ ਕਿਹਾ ਕਿ ਦਾਰੂਲ ਉਲੂਮ ਦੇਵਬੰਦ ਸਿਖਿਆ ਦਾ ਨਹੀਂ, ਸਗੋਂ ਦਹਿਸ਼ਤ ਦਾ ਮੰਦਰ ਹੈ। ਸਵਾਮੀ ਬ੍ਰਹਮਾਨੰਦ ਸਰਸਵਤੀ ਦਾ ਹਾਲ ਪੁੱਛਣ ਆਏ ਗਿਰੀਰਾਜ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਵਬੰਦ ਪਹਿਲਾਂ ਦੇਵਵ੍ਰੰਦ ਸੀ, ਉਸ ਨੂੰ ਲੋਕਾਂ ਨੇ ਬਾਅਦ ਵਿੱਚ ਦੇਵਬੰਦ ਕਹਿਣਾ ਸ਼ੁਰੂ ਕਰ ਦਿੱਤਾ। ਦੇਵਵ੍ਰੰਦ ਦੇ ਗੁਰੂਕੁਲ ਵਿੱਚ ਪੜ੍ਹਿਆ ਬੱਚਾ ਅੱਜ ਤੱਕ ਕਦੇ ਅੱਤਵਾਦੀ ਨਹੀਂ ਬਣਿਆ, ਪਰ ਅਬੂ ਬਕਰ ਅਲ ਬਗਦਾਦੀ ਅਤੇ ਹਾਫਿਜ਼ ਸਈਦ ਵਰਗੇ ਅੱਤਵਾਦੀ ਦੇਵਬੰਦ ਦੇ ਵਿਦਿਆਰਥੀ ਹਨ। ਉਨ੍ਹਾਂ ਕਿਹਾ ਕਿ ਆਬਾਦੀ 'ਤੇ ਕੰਟਰੋਲ ਕਰਨ ਲਈ ਕਾਨੂੰਨ ਬਣਾਉਣਾ ਜ਼ਰੂਰੀ ਹੈ। ਵਧਦੀ ਆਬਾਦੀ ਦਾ ਹੱਲ ਲੱਭਣ ਲਈ ਬਣੀ ਫਾਊਂਡੇਸ਼ਨ ਵੱਲੋਂ ਦੋ ਦਸੰਬਰ ਨੂੰ ਗਾਜ਼ੀਆਬਾਦ ਵਿਖੇ ਇੱਕ ਪ੍ਰੋਗਰਾਮ ਕੀਤਾ ਜਾਏਗਾ। ਉਨ੍ਹਾਂ ਕਿਹਾ ਕਿ ਜੇ ਬਖਤਾਵਰਪੁਰ ਦਾ ਨਾਂਅ ਬਦਲਣਾ ਹੈ ਤਾਂ ਚੰਗੀ ਗੱਲ ਹੈ। ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਬਾਰੇ ਉਨ੍ਹਾਂ ਕਿਹਾ ਕਿ ਜੇ ਮੰਦਰ ਇਥੇ ਨਹੀਂ ਬਣੇਗਾ ਤਾਂ ਹੋਰ ਕਿੱਥੇ ਬਣੇਗਾ?

## ਅੰਡੇਮਾਨ ਦੇ ਉੱਤਰ ਸੈਂਟੀਨਲ ਟਾਪੂ ਉੱਤੇ ਕੋਈ ਨਹੀਂ ਜਾ ਸਕੇਗਾ



ਨਵੀਂ ਦਿੱਲੀ, 29 ਨਵੰਬਰ (ਪੋਸਟ ਬਿਊਰੋ)- ਅੰਡੇਮਾਨ ਦੇ ਉੱਤਰ ਸੈਂਟੀਨਲ ਟਾਪੂ ਉੱਤੇ ਜਾਣ ਲਈ ਫਿਰ ‘ਪਾਬੰਦੀਸ਼ੁਦਾ ਖੇਤਰ ਪਰਮਿਟ’ ਲਾਗੂ ਕੀਤਾ ਜਾ ਸਕਦਾ ਹੈ। ਇਸ ਦੇ ਤਹਿਤ ਬਿਨਾ ਇਜਾਜ਼ਤ ਦੇ ਲੋਕਾਂ ਨੂੰ ਉਨ੍ਹਾਂ ਖੇਤਰਾਂ ਵਿੱਚ ਜਾਣ ਦੀ ਇਜਾਜ਼ਤ ਨਹੀਂ ਹੁੰਦੀ। ਇਸੇ ਟਾਪੂ ਉੱਤੇ ਸੁਰੱਖਿਅਤ ਅਤੇ ਦੁਨੀਆ ਨਾਲੋਂ ਅਲੱਗ-ਥਲਗ ਰਹਿਣ ਵਾਲੇ ਆਦਿਵਾਸੀਆਂ ਨੇ ਇੱਕ ਅਮਰੀਕੀ ਨਾਗਰਿਕ ਦੀ ਹੱਤਿਆ ਕਰ ਦਿੱਤੀ ਸੀ।

ਕੇਂਦਰ ਸਰਕਾਰ ਨੂੰ ਅੰਡੇਮਾਨ ਨਿਕੋਬਾਰ ਆਈਲੈਂਡਸ ਵਿੱਚ ਹਾਲ ਵਿੱਚ ਵਿਦੇਸ਼ੀ ਨਾਗਰਿਕਾਂ ਵੱਲੋਂ ਨਿਯਮ ਦੀ ਉਲੰਘਣਾ ਦੀਆਂ 44 ਘਟਨਾਵਾਂ ਦਾ ਪਤਾ ਲੱਗਾ ਹੈ। ਇਨ੍ਹਾਂ ਘਟਨਾਵਾਂ ਦਾ ਸੰਬੰਧ ਆਰ ਏ ਪੀ ਨਾਲ ਨਹੀਂ ਹੈ। ਕੁਝ ਹਫਤੇ ਪਹਿਲਾਂ ਸੈਂਟੀਨਲ ਟਾਪੂ ਦੇ ਆਦਿਵਾਸੀਆਂ ਨੇ ਅਮਰੀਕੀ ਨਾਗਰਿਕ ਜਾਨ ਏਲੇਨ ਚਾਉ ਦੀ ਹੱਤਿਆ ਕਰ ਦਿੱਤੀ ਸੀ। ਇਸ ਮੌਤ ਦੇ ਬਾਅਦ ਪੈਦਾ ਹੋਈ ਸਥਿਤੀ ਦੀ ਸਮੀਖਿਆ ਲਈ ਰਾਸ਼ਟਰੀ ਅਨੁਸੂਚਿਤ ਜਨਜਾਤੀ ਕਮਿਸ਼ਨ (ਐੱਨ ਸੀ ਐੱਸ ਟੀ) ਦਾ ਇੱਕ ਪ੍ਰਤੀਨਿਧ ਮੰਡਲ ਚਾਰ ਦਸੰਬਰ ਨੂੰ ਇਸ ਕੇਂਦਰ ਸ਼ਾਸਿਤ ਸੂਬੇ ਦੇ ਦੌਰੇ ਉੱਤੇ ਜਾਏਗਾ। ਪ੍ਰਤੀਨਿਧ ਮੰਡਲ ਦੀ ਅਗਵਾਈ ਐਨ ਸੀ ਐਸ ਟੀ ਦੇ ਮੁਖੀ ਨੰਦ ਕੁਮਾਰ ਸਾਹੀ ਕਰਨਗੇ। ਗ੍ਰਹਿ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਮੰਤਰਾਲੇ ਨੂੰ ਅੰਡੇਮਾਨ ਨਿਕੋਬਾਰ ਆਈਲੈਂਡਸ ਦੇ ਪ੍ਰਸ਼ਾਸਨ ਤੋਂ ਘਟਨਾ ਦੀ ਸਾਰੀ ਰਿਪੋਰਟ ਮਿਲੀ ਹੈ। ਉਨ੍ਹਾਂ ਕਿਹਾ ਕਿ ਉਤਰ ਸੈਂਟੀਨਲ ਟਾਪੂ ਦੇ ਨਾਲ ਕੁਝ ਹੋਰ ਟਾਪੂਆਂ ਉੱਤੇ ਆਰ ਏ ਪੀ (ਰਿਸਟਰਿਕਟਿਡ ਏਰੀਆ ਪਰਮਿਟ) ਲਾਗੂ ਕਰਨਾ ਸਭ ਤੋਂ ਖਰਾਬ ਸਥਿਤੀ ਹੋਵੇਗੀ। ਅੰਡੇਮਾਨ ਦੇ 29 ਟਾਪੂਆਂ ਵਿੱਚੋਂ ਇੱਕ ਟਾਪੂ ਉੱਤਰ ਸੈਂਟੀਨਲ ਹੈ ਜਿੱਥੇ ਜਾਣ ਦੇ ਲਈ ਜੂਨ ਤੱਕ ਵਿਦੇਸ਼ੀਆਂ ਨੂੰ ਆਰ ਏ ਪੀ ਜਾਂ ਵਿਸ਼ੇਸ਼ ਮਨਜ਼ੂਰੀ ਦੀ ਜ਼ਰੂਰਤ ਹੁੰਦੀ ਸੀ। ਆਰ ਪੀ ਏ ਨੂੰ ਹਟਾਉਣ ਦੇ ਬਾਵਜੂਦ ਸੈਲਾਨੀਆਂ ਨੂੰ ਉਥੇ ਜਾਣ ਲਈ ਜੰਗਲਾਤ ਵਿਭਾਗ ਅਤੇ ਅੰਡੇਮਾਨ ਪ੍ਰਸ਼ਾਸਨ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ, ਕਿਉਂਕਿ ਇਹ ਦੋ ਹੋਰਨਾਂ ਕਾਨੂੰਨਾਂ ਦੇ ਤਹਿਤ ਸੁਰੱਖਿਅਤ ਹੈ।

## ਜੈੱਟ ਏਅਰਵੇਜ਼ ਦੇ ਯਾਤਰੀ ਨੂੰ ਮਜ਼ਾਕ ਕੀਤਾ ਮਹਿੰਗਾ ਪੈ ਗਿਆ

ਕੋਲਕਾਤਾ, 29 ਨਵੰਬਰ (ਪੋਸਟ ਬਿਊਰੋ)- ਕੋਲਕਾਤਾ ਹਵਾਈ ਅੱਡੇ ਤੋਂ ਇਕ ਹੈਰਾਨੀ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜੈੱਟ ਏਅਰਵੇਜ਼ ਦੀ ਉਡਾਣ ਵਿਚ ਸਵਾਰ ਯਾਤਰੀ ਨੇ ਸੋਸ਼ਲ ਮੀਡੀਆ ਉੱਤੇ ਜਹਾਜ਼ ਵਿਚ ਅੱਤਵਾਦੀ ਹੋਣ ਦੀ ਪੋਸਟ ਸ਼ੇਅਰ ਕੀਤੀ, ਜਿਸ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਮਿਲ ਸਕੀ ਜਾਣਕਾਰੀ ਅਨੁਸਾਰ ਇਸ ਯਾਤਰੀ ਦੀ ਪਛਾਣ ਯੋਗਵੇਦੰਤ ਪੋਦਰ ਵਜੋਂ ਹੋਈ ਹੈ। ਉਹ ਕੋਲਕਾਤਾ ਤੋਂ ਮੁੰਬਈ ਜਾ ਰਿਹਾ ਸੀ। ਯਾਤਰੀ ਨੇ ਸਨੈਪਚੈਟ ਉਤੇ ਅਪਣੀ ਫੋਟੋ ਸ਼ੇਅਰ ਕਰਦਿਆਂ ਲਿਖਿਆ ਕਿ ਜਹਾਜ਼ ਵਿਚ ਅਤਿਵਾਦੀ ਹੈ। ਇਸ ਮੈਸੇਜ ਨੂੰ ਉਸ ਨੇ ਅਪਣੇ 6 ਦੋਸਤਾਂ ਨੂੰ ਫਾਰਵਰਡ ਕੀਤਾ। ਇਸ ਪਿੱਛੋਂ ਉਸ ਦੇ ਇਸ ਵਿਹਾਰ ਦੇ ਬਾਰੇ ਉਸ ਦੇ ਨਾਲ ਦੀ ਸੀਟ ਉੱਤੇ ਬੈਠੇ ਯਾਤਰੀ ਨੇ ਕਰੂਅ ਮੈਂਬਰਾਂ ਨੂੰ ਜਾਣਕਾਰੀ ਦਿਤੀ ਤਾਂ ਕਰੂਅ ਮੈਂਬਰ ਨੇ ਪਾਇਲਟ ਅਤੇ ਸੀ ਆਈ ਐਸ ਐਫ ਅਫ਼ਸਰਾਂ ਨੂੰ ਇਸ ਦੀ ਸੂਚਨਾ ਦਿਤੀ। ਸੀ ਆਈ ਐਸ ਐਫ ਟੀਮ ਜਹਾਜ਼ ਵਿਚ ਪਹੁੰਚੀ ਅਤੇ ਇਸ ਯਾਤਰੀ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲੈ ਲਿਆ। ਇਸ ਮੌਕੇ ਉਸ ਨੇ ਦੱਸਿਆ ਕਿ ਉਹ ਅਤਿਵਾਦੀ ਨਹੀਂ, ਅਪਣੇ ਦੋਸਤਾਂ ਨਾਲ ਮਜ਼ਾਕ ਕਰ ਰਿਹਾ ਸੀ। ਉਸ ਨੂੰ ਠੰਡ ਲੱਗਦੀ ਸੀ, ਇਸ ਲਈ ਮੂੰਹ ਢੱਕਿਆ ਸੀ। ਇਸ ਪਿੱਛੋਂ ਜਾਂਚ ਟੀਮ ਨੇ ਯਾਤਰੀ ਦੇ ਮਾਪਿਆਂ ਨਾਲ ਗੱਲ ਕੀਤੀ ਤੇ ਫਿਰ ਉਸ ਨੂੰ ਛੱਡ ਦਿੱਤਾ।

## ਹਾਦਸੇ ਵਿੱਚ ਪਤੀ ਦੀ ਮੌਤ, ਖਬਰ ਸੁਣ ਕੇ ਗਰਭਵਤੀ ਪਤਨੀ ਨੇ ਵੀ ਦਮ ਤੋੜਿਆ

ਅਗਰੋਹਾ, 29 ਨਵੰਬਰ (ਪੋਸਟ ਬਿਊਰੋ)- ਦੋ ਸਾਲ ਪਹਿਲਾਂ ਦੜੌਲੀ ਪਿੰਡ ਦੇ ਜੋੜੇ ਨੇ ਸਮਾਜ ਤੇ ਪਰਵਾਰ ਨਾਲ ਲੜ ਕੇ ਲਵ ਮੈਰਿਜ ਕੀਤੀ ਸੀ। ਦੋਵਾਂ ਨੇ ਇਕੱਠੇ ਜੀਉਣ ਮਰਨ ਦੀ ਵੀ ਸਹੁੰ ਖਾਧੀ, ਜੋ ਕੱਲ੍ਹ ਪੂਰੀ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ 25 ਨਵੰਬਰ ਨੂੰ ਗਰਭਵਤੀ ਪਤਨੀ ਡਿਲੀਵਰੀ ਦੇ ਲਈ ਅਗਰੋਹਾ ਮੈਡੀਕਲ ਕਾਲਜ ਹਸਪਤਾਲ ਵਿੱਚ ਭਰਤੀ ਹੋਈ ਸੀ। ਮੰਗਲਵਾਰ ਰਾਤ ਘਰੋਂ ਖਾਣਾ ਲੈ ਕੇ ਬਾਈਕ ਉਤੇ ਮੈਡੀਕਲ ਕਾਲਜ ਅਗਰੋਹਾ ਜਾਂਦੇ ਪਤੀ ਨੂੰ ਮੈਡੀਕਲ ਕਾਲਜ ਨੇੜੇ ਟਰੱਕ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਜ਼ਖਮੀ ਹੋ ਗਿਆ। ਉਸ ਨੂੰ ਮੈਡੀਕਲ ਕਾਲਜ ਅਗਰੋਹਾ ਵਿੱਚ ਲੈ ਕੇ ਗਏ ਤਾਂ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ। ਦੂਸਰੇ ਪਾਸੇ ਮੰਗਲਵਾਰ ਰਾਤ ਪਤਨੀ ਨੇ ਬੇਟੇ ਨੂੰ ਜਨਮ ਦਿੱਤਾ। ਇਸ ਦੇ ਬਾਅਦ ਉਸ ਦੀ ਹਾਲਤ ਵਿਗੜ ਗਈ। ਉਸ ਨੂੰ ਆਈ ਸੀ ਯੂ ਵਿੱਚ ਭਰਤੀ ਕਰਾਇਆ ਗਿਆ ਜਿੱਥੇ ਕੱਲ੍ਹ ਸਵੇਰੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਦੇ ਪਿਤਾ ਜਗਦੀਸ਼ ਨੇ ਦੱਸਿਆ ਕਿ ਮ੍ਰਿਤਕ ਰੋਸ਼ਨ ਲਾਲ ਅਤੇ ਉਸ ਦੀ ਪਤਨੀ ਦੋਵੇਂ ਇੱਕੋ ਪਿੰਡ ਦੇ ਸਨ ਅਤੇ ਪ੍ਰੇਮ ਵਿਆਹ ਕਰਾਇਆ ਸੀ। ਇਸ ਦਾ ਪਿੰਡ ਵਿੱਚ ਕਾਫੀ ਵਿਰੋਧ ਵੀ ਹੋਇਆ ਸੀ, ਪ੍ਰੰਤੂ ਪੰਚਾਇਤਾਂ ਦੇ ਮਨ੍ਹਾ ਕਰਨ ਦੇ ਬਾਅਦ ਵੀ ਦੋਵਾਂ ਨੇ ਪ੍ਰੇਮ ਵਿਆਹ ਕੀਤਾ ਸੀ। ਲੜਕੀ ਦੇ ਪਰਵਾਰ ਦੇ ਲੋਕਾਂ ਨੇ ਬੇਟੀ ਨਾਲੋਂ ਰਿਸ਼ਤਾ ਤੋੜ ਲਿਆ ਸੀ। ਬੇਟਾ ਕਹਿੰਦਾ ਸੀ ਕਿ ਦੋਵਾਂ ਨੇ ਇਕੱਠੇ ਜੀਉਣ ਮਰਨ ਦੀ ਸਹੁੰ ਖਾਧੀ ਹੈ, ਉਹ ਨਿਭਾਉਣਗੇ। ਉਸ ਨੌਜਵਾਨ ਦੇ ਪਿਤਾ ਨੇ ਦੱਸਿਆ ਕਿ ਦੋਵੇ ਜੀਵੇ ਤਾਂ ਇਕੱਠੇ ਅਤੇ ਮਰੇ ਵੀ ਇਕੱਠੇ।

## ਪੰਜਾਬੀ ਨੌਜਵਾਨ ਵੱਲੋਂ ਹਰਿਦੁਆਰ ਜਾ ਕੇ ਗੰਗਾ ਇਸ਼ਨਾਨ ਕਰਨ ਪਿੱਛੋਂ ਆਤਮ ਹੱਤਿਆ

ਹਰਿਦੁਆਰ, 29 ਨਵੰਬਰ (ਪੋਸਟ ਬਿਊਰੋ)- ਲੁਧਿਆਣੇ ਦੇ ਇਕ ਨੌਜਵਾਨ ਨੇ ਏਥੇ ਇਕ ਹੋਟਲ ਵਿੱਚ ਫਾਂਸੀ ਲਾ ਕੇ ਖੁਦਕੁਸ਼ੀ ਕਰ ਲਈ ਹੈ। ਉਸ ਨੇ ਪਹਿਲਾਂ ਸਵੇਰੇ ਗੰਗਾ ਇਸ਼ਨਾਨ ਕੀਤਾ ਤੇ ਫਿਰ ਹੋਟਲ ਦੇ ਕਮਰੇ ਵਿੱਚ ਜਾ ਕੇ ਫਾਂਸੀ ਲਾ ਲਈ। ਉਸ ਨੇ ਛੋਟੇ ਜਿਹੇ ਖੁਦਕੁਸ਼ੀ ਨੋਟ ਵਿੱਚ ਆਪਣੀ ਮੌਤ ਲਈ ਖੁਦ ਨੂੰ ਜ਼ਿੰਮੇਵਾਰ ਦੱਸਿਆ ਹੈ। ਪੁਲਸ ਅਧਿਕਾਰੀਆਂ ਦੇ ਮੁਤਾਬਕ ਮੁਹੱਲਾ ਮਸਜਿਦ ਸ਼ੇਖਾਂ, ਲੁਧਿਆਣਾ ਦਾ ਵਸਨੀਕ ਜਸਬੀਰ (42) ਬੀਤੇ ਦਿਨੀਂ ਹਰਿਦੁਆਰ ਆਇਆ ਸੀ। ਉਸ ਨੇ ਹਰਿ ਕੀ ਪਾਉੜੀ ਨੇੜੇ ਹੋਟਲ 'ਚ ਕਮਰਾ ਲਿਆ। ਕੱਲ੍ਹ ਸਵੇਰੇ ਉਹ ਗੰਗਾ ਇਸ਼ਨਾਨ ਲਈ ਹਰਿ ਕੀ ਪਾਉੜੀ ਗਿਆ। ਕੁਝ ਦੇਰ ਬਾਅਦ ਹੋਟਲ ਮੁੜਿਆ ਤਾਂ ਸਿੱਧਾ ਕਮਰੇ ਵਿੱਚ ਚਲਾ ਗਿਆ। ਕਈ ਘੰਟੇ ਜਦੋਂ ਕਮਰੇ ਵਿੱਚ ਕੋਈ ਹਲਚਲ ਨਾ ਹੋਈ ਤਾਂ ਹੋਟਲ ਮੁਲਾਜ਼ਮਾਂ ਨੂੰ ਸ਼ੱਕ ਹੋਇਆ। ਉਨ੍ਹਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਕਮਰੇ ਦਾ ਦਰਵਾਜ਼ਾ ਖੁੱਲ੍ਹਵਾਇਆ ਤਾਂ ਵੇਖਿਆ ਕਿ ਨੌਜਵਾਨ ਦੀ ਲਾਸ਼ ਪੱਖੇ ਨਾਲ ਲਟਕੀ ਹੋਈ ਸੀ। ਕਮਰੇ ਦੀ ਤਲਾਸ਼ੀ ਲੈਣ ਉੱਤੇ ਨੌਜਵਾਨ ਦਾ ਆਧਾਰ ਕਾਰਡ ਤੇ ਕਾਗਜ਼ ਦਾ ਇਕ ਛੋਟਾ ਜਿਹਾ ਟੁਕੜਾ ਮਿਲਿਆ ਸੀ।


• Insurance •

Punjab Insurance Inc



- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca



ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ’ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446,ਅਜੀਤ ਸਿੰਘ ਉਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।





BANKRUPTCY, PROPOSAL, R9.........
no problem!
we will fix your credit

TNG SUNRISE SERVICES INC.

Tarun Genda(Kumar)
Tel:905-781-5292
Cell: 416-305-1290
TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9

# ਯੂਕਰੇਨ ਨੇ ਰੂਸ ਦੇ ਖ਼ਿਲਾਫ਼ ਨਾਟੋ ਦੇਸ਼ਾਂ ਤੋਂ ਮਦਦ ਮੰਗੀ



ਬਰਲਿਨ, 29 ਨਵੰਬਰ (ਪੋਸਟ ਬਿਊਰੋ)- ਯੂਕਰੇਨ ਦੇ ਰਾਸ਼ਟਰਪਤੀ ਪੈਟ੍ਰੋ ਪੋਰੋਸ਼ੇਂਕੋ ਨੇ ਜਰਮਨੀ ਸਮੇਤ ਨਾਟੋ ਦੇ ਮੈਂਬਰ ਦੇਸ਼ਾਂ ਨੂੰ ਰੂਸ ਦੇ ਵਿਰੋਧ ’ਚ ਉਨ੍ਹਾਂ ਦੇ ਦੇਸ਼ ਦਾ ਸਾਥ ਦੇਣ ਲਈ ਅਜੋਵ ਸਾਗਰ ਵਿੱਚ ਸਮੁੰਦਰੀ ਫੌਜ ਦੇ ਜਹਾਜ਼ ਭੇਜਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਜਰਮਨੀ ਨੂੰ ਕਿਹਾ, ‘ਜਰਮਨੀ ਸਾਡੇ ਕਰੀਬੀ ਸਾਥੀਆਂ ਵਿੱਚੋਂ ਇਕ ਹੈ ਤੇ ਸਾਨੂੰ ਆਸ ਹੈ ਕਿ ਨਾਟੋ ਵਿੱਚ ਸ਼ਾਮਲ ਦੇਸ਼ ਅਜੋਵ ਸਾਗਰ ਵਿੱਚ ਆਪਣੀ ਸਮੁੰਦਰੀ ਫੌਜ ਦੇ ਜਹਾਜ਼ਾਂ ਨੂੰ ਤਾਇਨਾਤ ਕਰਨ ਲਈ ਤਿਆਰ ਹਨ ਤਾਂ ਕਿ ਯੂਕਰੇਨ ਦੀ ਸਹਾਇਤਾ ਕੀਤੀ ਜਾ ਸਕੇ ਅਤੇ ਉਸ ਨੂੰ ਸੁਰੱਖਿਆ ਦਿੱਤੀ ਜਾਵੇ।’


ਰੂਸੀ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਨੇ ਬੁੱਧਵਾਰ ਨੂੰ ਇਸ ਗੱਲ ਉੱਤੇ ਜ਼ੋਰ ਦਿੱਤਾ ਸੀ ਕਿ ਪਿਛਲੇ ਹਫਤੇ ਦੇ ਅਖੀਰ ਵਿੱਚ ਰੂਸੀ ਫੌਜ ਨੂੰ 3 ਯੂਕਰੇਨੀ ਜਹਾਜ਼ਾਂ ਨੂੰ ਜ਼ਬਤ ਕਰਨ ਦਾ ਅਧਿਕਾਰ ਸੀ। ਪੋਰੋਸ਼ੇਂਕੋ ਨੇ ਦੋਸ਼ ਲਾਇਆ ਹੈ ਕਿ ਪੂਤਿਨ ਇਸ ਸਮੁੰਦਰ ਉੱਤੇ ਕਬਜ਼ਾ ਕਰਨ ਤੋਂ ਘੱਟ ਕੁਝ ਨਹੀਂ ਚਾਹੁੰਦਾ। ਉਨ੍ਹਾਂ ਕਿਹਾ ਕਿ ਅਸੀਂ ਰੂਸ ਦੀ ਹਮਲੇ ਦੀ ਨੀਤੀ ਨੂੰ ਪ੍ਰਵਾਨ ਨਹੀਂ ਕਰ ਸਕਦੇ। ਪਹਿਲਾਂ ਕ੍ਰੀਮੀਆ ਸੀ, ਫਿਰ ਪੂਰਬੀ ਯੂਕਰੇਨ ਅਤੇ ਅੱਜ ਉਹ ਅਜੋਵ ਸਾਗਰ ਚਾਹੁੰਦੇ ਹਨ।

ਉਨ੍ਹਾਂ ਨੇ ਕਿਹਾ, ‘ਜਰਮਨੀ ਨੂੰ ਖੁਦ ਤੋਂ ਪੁੱਛਣਾ ਚਾਹੀਦਾ ਹੈ ਕਿ ਜੇ ਅਸੀਂ ਉਨ੍ਹਾਂ ਨੂੰ ਨਹੀਂ ਰੋਕਿਆ ਤਾਂ ਪੂਤਿਨ ਅੱਗੇ ਕੀ ਕਰਨਗੇ?’ ਪੋਰੋਸ਼ੇਂਕੋ ਦਾ ਬਿਆਨ ਉਸ ਦਿਨ ਆਇਆ, ਜਦ ਯੂਕਰੇਨ ਦੇ ਪ੍ਰਧਾਨ ਮੰਤਰੀ ਵੋਲੋਦੀਮੀਰ ਗ੍ਰੋਸਮੈਨ ਬਰਲਿਨ ਦੀ ਯਾਤਰਾ ਕਰਨ ਵਾਲੇ ਹਨ।

# 78 ਸਾਲਾ ਵਿਅਕਤੀ ਨੇ 90 ਲੋਕ ਬੇਰਹਿਮੀ ਨਾਲ ਕਤਲ ਕੀਤੇ

ਵਾਸ਼ਿੰਗਟਨ, 29 ਨਵੰਬਰ (ਪੋਸਟ ਬਿਊਰੋ)- ਵ੍ਹੀਲਚੇਅਰ 'ਤੇ ਝੁਰੜੀਆਂ ਤੇ ਸਫੈਦ ਵਾਲਾਂ ਵਾਲਾ 78 ਸਾਲ ਦਾ ਇਨਸਾਨ, ਜਿਸ ਦਾ ਸਰੀਰ ਡਾਈਬੀਟੀਜ਼ ਤੇ ਦਿਲ ਰੋਗ ਨਾਲ ਕਮਜ਼ੋਰ ਹੋ ਚੁੱਕਾ ਹੈ, ਦੇਖ ਕੇ ਕੋਈ ਅੰਦਾਜ਼ਾ ਲਾ ਸਕਦਾ ਹੈ ਕਿ ਇਸ ਬਜ਼ੁਰਗ ਨੂੰ ਆਰਾਮ ਦੀ ਲੋੜ ਹੈ, ਪਰ ਉਸ ਦਾ ਅਕਸ ਇਕਦਮ ਉਲਟ ਹੈ।

ਸੈਮੁਅਲ ਲਿਟਿਲ ਨਾਮ ਦੇ ਇਸ ਸ਼ਖਸ ਦੀਆਂ ਖੌਫਨਾਕ ਅੱਖਾਂ ਅਮਰੀਕਾ ਦੇ 14 ਰਾਜਾਂ ਵਿੱਚ 90 ਤੋਂ ਵੱਧ ਕਤਲ ਕਰਨ ਦੀ ਗਵਾਹੀ ਦਿੰਦੀਆਂ ਹਨ। ਉਹ ਇਸ ਵੇਲੇ ਟੈਕਸਾਸ ਦੀ ਜੇਲ੍ਹ ਵਿੱਚ ਬੰਦ ਹੈ। ਸੈਮੁਅਲ ਨੇ ਅਮਰੀਕਾ ਵਿੱਚ 90 ਲੋਕਾਂ ਦੀ ਹੱਤਿਆ ਕਬੂਲ ਕੀਤੀ ਹੈ। ਉਸ ਨੂੰ ਰੋਜ਼ ਭਾਰੀ ਸੁਰੱਖਿਆ ਵਿਚਾਲੇ ਇੰਟਰਵਿਊ ਰੂਮ ਵਿੱਚ ਲਿਆਂਦਾ ਜਾਂਦਾ ਹੈ, ਤਾਂ ਕਿ ਉਹ ਆਪਣੇ ਅਪਰਾਧਾਂ ਦਾ ਕੱਚਾ ਚਿੱਠਾ ਸਾਰਿਆਂ ਦੇ ਸਾਹਮਣੇ ਰੱਖ ਸਕੇ। ਸੈਮੁਅਲ ਨੂੰ ਆਪਣੇ 25 ਤੋਂ 50 ਸਾਲ ਪੁਰਾਣੇ ਸਾਰੇ ਅਪਰਾਧ ਯਾਦ ਹਨ। ਉਹ ਬਹੁਤ ਮਜ਼ੇ ਨਾਲ ਦੱਸਦਾ ਹੈ ਕਿ ਉਸ ਨੇ ਕਿਸ ਤਰ੍ਹਾਂ ਨਾਈਟ ਕਲੱਬ, ਬਾਰ ਅਤੇ ਸੜਕਾਂ ਤੋਂ ਅਜਿਹੀਆਂ



ਮਹਿਲਾਵਾਂ ਨੂੰ ਚੁਣਿਆ, ਜੋ ਆਸਾਨੀ ਨਾਲ ਉਸ ਦੇ ਸ਼ਿਕੰਜੇ ਵਿੱਚ ਆ ਜਾਣ। ਉਹ ਉਨ੍ਹਾਂ ਨੂੰ ਆਪਣੀ ਕਾਰ ਦੇ ਪਿੱਛੇ ਦੀ ਸੀਟ ਉੱਤੇ ਬਿਠਾਉਂਦਾ ਅਤੇ ਗਲਾ ਘੁੱਟ ਕੇ ਬੇਰਹਿਮੀ ਨਾਲ ਮਾਰ ਦਿੰਦਾ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਉਸ ਨੇ ਘੱਟੋ ਘੱਟ 14 ਰਾਜਾਂ ਵਿੱਚ ਕਤਲ ਕੀਤੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਸੈਮੁਅਲ ਹਰ ਸਾਲ ਹੱਤਿਆਵਾਂ ਕਰਦਾ ਰਿਹਾ, ਪਰ ਕਿਸੇ ਨੂੰ ਪਤਾ ਨਹੀਂ ਲੱਗਾ ਕਿ ਇਨ੍ਹਾਂ ਕਤਲਾਂ ਦਾ ਇਕ ਪੈਟਰਨ ਹੈ। ਉਸ ਨੇ ਦੱਸਿਆ ਕਿ ਉਹ ਜ਼ਿਆਦਾਤਰ ਉਨ੍ਹਾਂ ਮਹਿਲਾਵਾਂ ਨੂੰ ਸ਼ਿਕਾਰ ਬਣਾਉਂਦਾ ਸੀ, ਜੋ ਗਰੀਬ ਜਾਂ ਨਸ਼ੇ ਦੀ ਆਦੀ ਸਨ। ਇਨ੍ਹਾਂ ਮਹਿਲਾਵਾਂ ਦਾ ਬੈਕ ਗਰਾਊਂਡ ਅਜਿਹਾ ਹੁੰਦਾ ਸੀ ਕਿ ਪਰਵਾਰਕ ਮੈਂਬਰ ਉਨ੍ਹਾਂ ਦੇ ਲਾਪਤਾ ਹੋਣ ਦੀ ਰਿਪੋਰਟ ਤੱਕ ਦਰਜ ਨਹੀਂ ਕਰਾ ਸਕਦੇ ਸਨ।

# ਚੀਨ ਦੀ ਕੈਮੀਕਲ ਫੈਕਟਰੀ ਨੇੜੇ ਧਮਾਕੇ ਵਿੱਚ 22 ਦੀ ਮੌਤ

ਬੀਜਿੰਗ, 29 ਨਵੰਬਰ (ਪੋਸਟ ਬਿਊਰੋ)- ਚੀਨ ਦੀ ਇਕ ਕੈਮੀਕਲ ਫੈਕਟਰੀ ਨੇੜੇ ਭਿਆਨਕ ਧਮਾਕੇ ਕਾਰਨ 22 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ। ਧਮਾਕਾ ਮੰਗਲਵਾਰ-ਬੁੱਧਵਾਰ ਦੀ ਦਰਮਿਆਨੀ ਰਾਤ 12.40 ਵਜੇ ਉਤਰੀ ਸੂਬੇ ਹੇਬੇਈ ਦੇ ਝਾਂਗਜੀਕੋਂਭਊ ਖੇਤਰ ਵਿੱਚ ਸਥਿਤ ਹੇਬੇਈ ਸ਼ੇਂਗਹੂਆ ਕੈਮੀਕਲ ਫੈਕਟਰੀ ਨੇੜੇ ਹੋਇਆ। ਚਾਰ ਦਿਨਾਂ ਅੰਦਰ ਇਹ ਦੂਜੀ ਇਸ ਤਰ੍ਹਾਂ ਦੀ ਘਟਨਾ ਹੈ।

ਉਦਯੋਗਿਕ ਸੁਰੱਖਿਆ ਅਧਿਕਾਰੀ ਨੇ ਦੱਸਿਆ ਕਿ ਫੈਕਟਰੀ ਦੇ ਬਾਹਰ ਕੈਮੀਕਲ ਸਪਲਾਈ ਲਈ ਖੜੇ ਟਰੱਕ ਵਿੱਚ ਅੱਗ ਲੱਗਣ ਨਾਲ ਧਮਾਕਾ ਹੋਇਆ। ਵੇਖਦੇ ਹੀ ਵੇਖਦੇ ਹੋਰ ਟਰੱਕਾਂ ਵਿੱਚ ਵੀ ਅੱਗ ਲੱਗ ਗਈ। ਖਬਰਾਂ ਮੁਤਾਬਕ ਦਰਜਨਾਂ ਟਰੱਕਾਂ ਸਮੇਤ ਲਗਭਗ 50 ਵਾਹਨ ਅੱਗ ਦੀ ਲਪੇਟ ਵਿੱਚ ਆ ਗਏ। ਪੂਰਾ ਆਸਮਾਨ ਧੂੰਏਂ ਨਾਲ ਢੱਕ ਗਿਆ। ਫਿਲਹਾਲ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ। ਸੁਰੱਖਿਆ ਧਿਆਨ ਵਿੱਚ ਰੱਖਦਿਆਂ ਫੈਕਟਰੀ ਨੂੰ ਬੰਦ ਕਰ ਦਿੱਤਾ ਗਿਆ ਹੈ। ਸ਼ੇਂਗਹੂਆ ਇੰਡਸਟਰੀ ਚੀਨ ਦੀ ਸਰਕਾਰੀ ਕੰਪਨੀ ਕੇਮ ਚਾਈਨਾ ਦੀ ਸਬਸਿਡੀਅਰੀ ਚਾਈਨਾ ਹੋਹੂਆ ਕੈਮੀਕਲ ਗਰੁੱਪ ਨਾਲ ਜੁੜੀ ਫਰਮ ਹੈ।



ਖਾਣ ਦੁਰਘਟਨਾਵਾਂ ਤੋਂ ਲੈ ਕੇ ਫੈਕਟਰੀਆਂ ਵਿੱਚ ਅੱਗ ਲੱਗਣ ਵਰਗੀਆਂ ਘਟਨਾਵਾਂ ਕਾਰਨ ਚੀਨ ਦੀ ਜਨਤਾ ਵਿੱਚ ਗੁੱਸਾ ਵੀ ਵੱਧ ਰਿਹਾ ਹੈ। ਚੀਨ ਦੀਆਂ ਫੈਕਟਰੀਆਂ ਵਿੱਚ ਸੁਰੱਖਿਆ ਪ੍ਰਬੰਧਾਂ ਬਾਰੇ ਲਾਪਰਵਾਹੀ 'ਤੇ ਕਈ ਵਾਰ ਸਵਾਲ ਉਠ ਚੁੱਕੇ ਹਨ। 24 ਨਵੰਬਰ ਨੂੰ ਉਤਰੀ ਪੂਰਬੀ ਸੂਬੇ ਜਿਲਿਨ ਵਿੱਚ ਇਕ ਵੇਅਰਹਾਊਸ 'ਚ ਹੋਏ ਧਮਾਕੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਸੀ ਅਤੇ 57 ਲੋਕ ਜ਼ਖਮੀ ਹੋ ਗਏ ਸਨ। ਇਸ ਹਾਦਸੇ ਵਿੱਚ 370 ਘਰਾਂ ਨੂੰ ਨੁਕਸਾਨ ਪੁੱਜਾ ਸੀ ਅਤੇ 15 ਘਰ ਤਬਾਹ ਹੋ ਗਏ ਸਨ। 2015 ਵਿੱਚ ਤਿਆਨਤਿਨ ਵਿੱਚ ਇਕ ਕੈਮੀਕਲ ਵੇਅਰਹਾਊਸ ਵਿੱਚ ਹੋਏ ਧਮਾਕੇ ਵਿੱਚ 173 ਲੋਕ ਮਾਰੇ ਗਏ ਸਨ।

## ਚੀਨੀ ਪੱਤਰਕਾਰ ਆਪਣੇ ਦੇਸ਼ ਵਿੱਚ ਲਾਪਤਾ

ਬੀਜਿੰਗ, 29 ਨਵੰਬਰ (ਪੋਸਟ ਬਿਊਰੋ)- ਤਿੰਨ ਵਾਰ ਵਰਲਡ ਪ੍ਰੈਸ ਫੋਟੋ ਪੁਰਸਕਾਰ ਜਿੱਤਣ ਵਾਲੇ ਚੀਨ ਦੇ ਫੋਟੋਗ੍ਰਾਫਰ ਲੂ ਗੁਆਂਗ ਪਿਛਲੇ ਕਈ ਦਿਨਾਂ ਤੋਂ ਲਾਪਤਾ ਹਨ। ਉਹ ਅਕਤੂਬਰ ਵਿੱਚ ਚੀਨ ਦੇ ਪੱਛਮੀ ਸੂਬੇ ਸ਼ਿਨਜਿਆਂਗ ਗਏ ਸਨ। ਇਸ ਪਿੱਛੋਂ ਉਹ ਲਾਪਤਾ ਹੋ ਗਏ। ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ।

ਨਿਊਯਾਰਕ ਵਿੱਚ ਰਹਿਣ ਵਾਲੀ ਗੁਆਂਗ ਦੀ ਪਤਨੀ ਸ਼ੂ ਸ਼ਿਓਲੀ ਨੇ ਇਕ ਆਨਲਾਈਨ ਪੋਸਟ ਵਿੱਚ ਕਿਹਾ ਕਿ ਉਨ੍ਹਾਂ ਨੂੰ ਅਕਤੂਬਰ ਦੇ ਅਖੀਰ ਵਿੱਚ ਸੂਬਾਈ ਰਾਜਧਾਨੀ ਉਰੂਮਚੀ ਵਿੱਚ ਫੋਟੋਗ੍ਰਾਫੀ ਪ੍ਰੋਗਰਾਮ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ ਸੀ। ਉਨ੍ਹਾਂ ਨਾਲ ਗੁਆਂਗ ਤੋਂ ਤਿੰਨ ਨਵੰਬਰ ਨੂੰ ਆਖਰੀ ਵਾਰ ਸੰਪਰਕ ਹੋਇਆ ਸੀ। ਉਨ੍ਹਾਂ ਨੂੰ ਗੁਆਂਗ ਲਈ ਸੱਦਾ ਭੇਜਣ ਵਾਲੇ ਵਿਅਕਤੀ ਦੀ ਪਤਨੀ ਨਾਲ ਸੰਪਰਕ ਕੀਤਾ ਤਾਂ ਪਤਾ ਲੱਗਾ ਕਿ ਦੋਵਾਂ ਨੂੰ ਸੂਬਾਈ ਸੁਰੱਖਿਆ ਅਧਿਕਾਰੀ ਲੈ ਗਏ ਹਨ। ਇਸ ਬਾਰੇ ਵਿੱਚ ਪੁੱਛੇ ਜਾਣ 'ਤੇ ਸੂਬਾਈ ਸਰਕਾਰ ਵੱਲੋਂ ਕੋਈ ਜਵਾਬ ਨਹੀਂ ਆਇਆ, ਜਦ ਕਿ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸ਼ੁਆਂਤ ਨੇ ਇਸ ਬਾਰੇ ਵਿੱਚ ਜਾਣਕਾਰੀ ਹੋਣ ਤੋਂ ਇਨਕਾਰ ਕਰ ਦਿੱਤਾ। ਗੁਆਂਗ ਦਾ ਕੰਮ ਮੁੱਖ ਰੂਪ ਨਾਲ ਚੂਨ ਦੇ ਸੰਵੇਦਨਸ਼ੀਲ ਸਮਾਜਿਕ ਮਸਲਿਆਂ ਅਤੇ ਵਾਤਾਵਰਨ 'ਤੇ ਕੇਂਦਰਿਤ ਰਿਹਾ ਹੈ।

# ਨਾਬਾਲਿਗ ਦੇ ਕਤਲ ਲਈ 3 ਪੁਲਸੀਆਂ ਨੂੰ 40 ਸਾਲ ਦੀ ਕੈਦ



ਮਨੀਲਾ, 29 ਨਵੰਬਰ (ਪੋਸਟ ਬਿਊਰੋ)- ਫਿਲੀਪੀਨਜ਼ ਵਿਚ ਇਕ ਨਾਬਾਲਿਗ ਦੇ ਕਤਲ ਦੇ ਚਰਚਿਤ ਕੇਸ ਵਿਚ ਅੱਜ ਵੀਰਵਾਰ ਨੂੰ ਤਿੰਨ ਪੁਲਸ ਕਰਮੀ ਦੋਸ਼ੀ ਪਾਏ ਗਏ। ਰਾਸ਼ਟਰਪਤੀ ਰੋਡਰਿਗੋ ਦੁਤੇਰਤੇ ਵੱਲੋਂ ਨਸ਼ੀਲੇ ਪਦਾਰਥ ਦੇ ਵਿਰੁੱਧ ਲੜਾਈ ਸ਼ੁਰੂ ਕਰਨ ਪਿੱਛੋਂ ਸੁਰੱਖਿਆ ਕਰਮੀਆਂ ਨੂੰ ਅਪਰਾਧੀ ਠਹਿਰਾਉਣ ਦਾ ਇਹ ਪਹਿਲਾ ਕੇਸ ਹੈ।

ਜਾਣਕਾਰ ਸੂਤਰਾਂ ਮੁਤਾਬਕ ਕੈਲੂਕੇਨ ਖੇਤਰ ਦੀ ਟ੍ਰਾਇਲ ਕੋਰਟ ਨੇ ਪੁਲਸ ਦੇ ਅਧਿਕਾਰੀਆਂ ਆਰਨਲ ਓਆਰੇਸ, ਜੇਰੇਮਿਆਸ ਪੇਰੇਡਾ ਅਤੇ ਜੇਰਵਿਨ ਕਰੂਜ਼ ਨੂੰ ਅਗਸਤ 2017 ਵਿਚ ਮਨੀਲਾ ਦੇ ਬਾਹਰ 17 ਸਾਲ ਕਿਆਨ ਡੇਲੋਸ ਸੈਂਟੋਸ ਦੀ ਇਕ ਨਸ਼ਾ ਵਿਰੋਧੀ ਮੁਹਿੰਮ ਵਿਚ ਹੱਤਿਆ ਦੇ ਦੋਸ਼ ਵਿਚ ਬਿਨਾਂ ਪੈਰੋਲ ਦੇ 40 ਸਾਲ ਤੱਕ ਜੇਲ੍ਹ ਵਿਚ ਰਹਿਣ ਦੀ ਸਜ਼ਾ ਸੁਣਾਈ ਅਤੇ ਉਨ੍ਹਾਂ ਨੂੰ 345,000 ਪੇਸੋ (6,580 ਡਾਲਰ) ਮੁਆਵਜ਼ੇ ਵਜੋਂ ਦੇਣ ਦਾ ਵੀ ਆਦੇਸ਼ ਦਿਤਾ। ਅਧਿਕਾਰੀਆਂ ਨੂੰ ਸਬੂਤ ਦੇ ਨਾਲ ਛੇੜਛਾੜ ਕਰਨ ਦਾ ਦੋਸ਼ੀ ਨਹੀਂ ਪਾਇਆ ਗਿਆ।

ਨਾਬਾਲਿਗ ਕਿਆਨ ਡੇਲੋਸ ਸੈਂਟੋਸ ਦੀ ਲਾਸ਼ ਦੇ ਕੋਲ ‘ਸ਼ਾਬੂ’ (ਇਕ ਸਸਤਾ ਅਤੇ ਵੱਡੀ ਮਾਤਰਾ ਵਿਚ ਵਰਤਿਆ ਜਾਣ ਵਾਲਾ ਨਸ਼ੀਲਾ ਪਦਾਰਥ) ਦੇ ਦੋ ਸੈਸ਼ੇ ਅਤੇ ਇਕ ਬੰਦੂਕ ਮਿਲੀ ਸੀ। ਫਿਲੀਪੀਨਜ਼ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਪ੍ਰਧਾਨ ਚਿਟੋ ਗੈਸਕੋਨ ਨੇ ਇਕ ਬਿਆਨ ਵਿਚ ਕਿਹਾ ਕਿ ਅਸੀਂ ਕਿਆਨ ਦੇ ਕਾਤਲਾਂ ਨੂੰ ਟ੍ਰਾਇਲ ਕੋਰਟ ਦੁਆਰਾ ਅਪਰਾਧੀ ਠਹਿਰਾਏ ਜਾਣ ਦੇ ਫੈਸਲੇ ਦਾ ਸਵਾਗਤ ਕਰਦੇ ਹਾਂ ਅਤੇ ਇਸ ਕੇਸ ਵਿਚ ਨਿਆਂ ਦਿਵਾਉਣ ਵਿਚ ਮਦਦ ਕਰਨ ਵਾਲੇ ਸਾਰੇ ਲੋਕਾਂ ਦਾ ਧੰਨਵਾਦ ਕਰਦੇ ਹਾਂ, ਖਾਸ ਕਰ ਸਾਹਸੀ ਗਵਾਹਾਂ, ਚਰਚ ਦੇ ਕਰਮਚਾਰੀਆਂ, ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਤਾ, ਜਾਂਚ ਕਰਤਾ ਅਤੇ ਵਕੀਲਾਂ ਦਾ, ਜਿਨ੍ਹਾਂ ਨੇ ਅਪਣਾ ਕਰਤੱਵ ਨਿਭਾਇਆ। ਅਧਿਕਾਰੀਆਂ ਨੇ ਦੋਸ਼ ਲਾਇਆ ਸੀ ਕਿ ਸੈਂਟੋਸ ਇਕ ਨਸ਼ੀਲਾ ਪਦਾਰਥ ਤਸਕਰ ਸੀ, ਪਰ ਮੁੰਡੇ ਦੇ ਪਰਵਾਰ ਨੇ ਇਸ ਇਲਜ਼ਾਮ ਨੂੰ ਸਾਫ਼ ਤੌਰ ਉੱਤੇ ਨਕਾਰ ਦਿਤਾ, ਜਿਸ ਦਾ ਕੋਈ ਪ੍ਰਮਾਣ ਨਹੀਂ ਸੀ।

# 179 ਯਾਤਰੀਆਂ ਨਾਲ ਭਰਿਆ ਜਹਾਜ਼ ਇਮਾਰਤ ਨਾਲ ਜਾ ਵੱਜਾ



ਸਟਾਕਹੋਮ, 29 ਨਵੰਬਰ (ਪੋਸਟ ਬਿਊਰੋ)- ਸਵੀਡਨ ਦੀ ਰਾਜਧਾਨੀ ਸਟਾਕਹੋਮ ਵਿੱਚ ਹੈਰਾਨੀ ਵਾਲਾ ਮਾਮਲਾ ਵਾਪਰ ਗਿਆ, ਜਦੋਂ ਇੱਕ ਜਹਾਜ਼ ਬਿਲਡਿੰਗ ਨਾਲ ਟੱਕਰਾ ਗਿਆ। ਜਹਾਜ਼ ਦੇ ਮੁਸਾਫਰਾਂ ’ਚ ਹੜਕੰਪ ਮੱਚ ਗਿਆ। ਇਸ ਜਹਾਜ ’ਚ 179 ਯਾਤਰੀ ਸਵਾਰ ਸਨ, ਜੋ ਇਸ ਹਾਦਸੇ ਨਾਲ ਸਹਿਮ ਗਏ ਸਨ।

ਮਿਲੀ ਜਾਣਕਾਰੀ ਅਨੁਸਾਰ ਆਇਰਲੈਂਡ ਏਅਰਪੋਰਟ ’ਤੇ ਜਦੋਂ ਜਹਾਜ਼ ਗੇਟ ਵੱਲ ਵਧ ਰਿਹਾ ਸੀ ਤਾਂ ਇਹ ਘਟਨਾ ਵਾਪਰੀ। ਰਾਹਤ ਦੀ ਗੱਲ ਹੈ ਕਿ ਹਾਦਸੇ ’ਚ ਕਿਸੇ ਦਾ ਕੋਈ ਨੁਕਸਾਨ ਨਹੀਂ ਹੋਇਆ। ਪੁਲਿਸ ਨੇ ਇਕ ਬਿਆਨ ’ਚ ਕਿਹਾ ਕਿ ਇਸ ਤੋਂ ਬਾਅਦ ਯਾਤਰੀਆਂ ਨੂੰ ਮੋਬਾਈਲ ਪੌੜੀ ਨਾਲ ਹੇਠ ਲਾਹਿਆ ਤੇ ਉਨ੍ਹਾਂ ਨੂੰ ਟਰਮੀਨਲ ਵੱਲ ਲਿਆਂਦਾ ਗਿਆ। ਇਸ ਦੇ ਨਾਲ ਪੁਲਿਸ ਨੇ ਇਹ ਵੀ ਦੱਸਿਆ ਕਿ ਘਟਨਾ ਦੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਾ। ਇੰਟਰਨੈਸ਼ਨਲ ਟਰਮੀਨਲ ਕੋਲ ਸ਼ਾਮ ਨੂੰ ਹੋਈ ਘਟਨਾ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ ਜਿਨ੍ਹਾਂ ’ਚ ਰਨਵੇ ’ਤੇ ਲੱਗਾ ਬੋਇੰਗ ਜਹਾਜ਼ ਨਜ਼ਰ ਆ ਰਿਹਾ ਹੈ। ਇਸ ਦੇ ਖੱਬੇ ਪਾਸੇ ਦੇ ਪੱਖੇ ਦਾ ਸੱਭ ਤੋਂ ਕੰਢੇ ਵਾਲਾ ਹਿੱਸਾ ਬਿਲਡਿੰਗ ਦੀ ਸਾਈਡ ’ਚ ਫਸਿਆ ਹੋਇਆ ਹੈ। ਘਟਨਾ ਤੋਂ ਬਾਅਦ ਪੁਲਿਸ ਦੀਆ ਸੈਂਕੜੇ ਕਾਰਾਂ ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਆ ਖੜ੍ਹੀਆਂ। ਫਲਾਈਟ ਆਪਰੇਟਰ ਦੀ ਵੈੱਬਸਾਈਟ ਮੁਤਾਬਕ ਇਹ ਪਲੈਨ ਦਿੱਲੀ ਤੋਂ ਸਵੀਡਨ ਲਈ ਰਵਾਨਾ ਹੋਇਆ ਸੀ।

# ਸ੍ਰੀਲੰਕਾ ਪਾਰਲੀਮੈਂਟ ਨੇ ਪ੍ਰਧਾਨ ਮੰਤਰੀ ਰਾਜਪਕਸ਼ੇ ਦੇ ਖ਼ਰਚ ਉਤੇ ਰੋਕ ਲਾਈ

ਕੋਲੰਬੋ, 29 ਨਵੰਬਰ (ਪੋਸਟ ਬਿਊਰੋ)- ਸ੍ਰੀਲੰਕਾ ’ਚ ਜਾਰੀ ਸਿਆਸੀ ਘਮਾਸਾਨ ਵਿੱਚ ਪ੍ਰਧਾਨ ਮੰਤਰੀ ਦਫ਼ਤਰ ਫਸਦਾ ਜਾ ਰਿਹਾ ਹੈ। ਪਾਰਲੀਮੈਂਟ ਨੇ ਮਤਾ ਪਾਸ ਕਰ ਕੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਦੇ ਹਰ ਤਰ੍ਹਾਂ ਦੇ ਖ਼ਰਚਿਆਂ ’ਤੇ ਰੋਕ ਲਾ ਦਿੱਤੀ ਹੈ। ਰਾਸ਼ਟਰਪਤੀ ਮੈਤਰੀਪਾਲ ਸਿਰੀਸੇਨ ਨੇ 26 ਅਕਤੂਬਰ ਨੂੰ ਰਾਨਿਲ ਵਿਕਰਮਸਿੰਘੇ ਨੂੰ ਬਰਖ਼ਾਸਤ ਕਰ ਕੇ ਮਹਿੰਦਾ ਰਾਜਪਕਸ਼ੇ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਸੀ, ਪਰ ਰਾਜਪਕਸ਼ੇ ਦੋ ਵਾਰ ਪਾਰਲੀਮੈਂਟ ਵਿੱਚ ਆਪਣਾ ਬਹੁਮਤ ਸਾਬਤ ਕਰਨ ’ਚ ਨਾਕਾਮ ਰਹੇ ਹਨ।

ਇਸ ਦੇ ਬਾਅਦ ਅੱਜ ਵੀਰਵਾਰ ਨੂੰ ਪਿਛਲੀ ਵਿਕਰਮਸਿੰਘੇ ਸਰਕਾਰ ਵਿੱਚ ਵਿੱਤ ਮੰਤਰੀ ਰਵੀ ਕਰੂਨਾਨਾਇਕੇ ਨੇ ਰਾਜਪਕਸ਼ੇ ਦੇ ਖ਼ਰਚ ਨੂੰ ਰੋਕਣ ਲਈ ਪਾਰਲੀਮੈਂਟ ’ਚ ਮਤਾ ਪੇਸ਼ ਕੀਤਾ, ਜਿਸ ਨੂੰ 225 ਮੈਂਬਰੀ ਪਾਰਲੀਮੈਂਟ ਵਿੱਚ 123 ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਮਤੇ ਦੇ ਵਿਰੋਧ ਵਿੱਚ ਇਕ ਵੀ ਵੋਟ ਨਹੀਂ ਪਈ, ਕਿਉਂਕਿ ਸਿਰੀਸੇਨ ਤੇ ਰਾਜਪਕਸ਼ੇ ਦੀ ਪਾਰਟੀ ਨੇ ਪਾਰਲੀਮੈਂਟ ਦਾ ਬਾਈਕਾਟ ਕੀਤਾ ਸੀ। ਸਿਰੀਸੇਨ ਦੀ ਪਾਰਟੀ ਯੂਨਾਈਟਿਡ ਪੀਪੁਲਸ ਫਰੀਡਮ ਅਲਾਇੰਸ (ਯੂ ਪੀ ਐੱਫ ਏ) ਦੇ ਮੈਂਬਰ ਐੱਸ ਬੀ ਦਿਸਾਨਾਇਕੇ ਨੇ ਕਿਹਾ ਕਿ ਇਸ ਤਰ੍ਹਾਂ ਦਾ ਮਤਾ ਵਿਰੋਧੀ ਧਿਰ ਵੱਲੋਂ ਪੇਸ਼ ਹੀ ਨਹੀਂ ਕੀਤਾ ਜਾ ਸਕਦਾ। ਇਹ ਮਤਾ ਸਿਰਫ਼ ਸਰਕਾਰ ਲਿਆ ਸਕਦੀ ਹੈ। ਮਤੇ ’ਚ ਕਿਹਾ ਗਿਆ ਹੈ ਕਿ 15 ਨਵੰਬਰ ਤੋਂ ਬਾਅਦ ਤੋਂ ਪ੍ਰਧਾਨ ਮੰਤਰੀ ਦੇ ਸਕੱਤਰ ਨੂੰ ਖ਼ਰਚੇ ਲਈ ਸਰਕਾਰੀ ਖਜ਼ਾਨੇ ਤੋਂ ਧਨ ਅਲਾਟ ਕਰਨ ਦਾ ਕੋਈ ਅਧਿਕਾਰ ਨਹੀਂ। ਜੇਕਰ ਮਤੇ ਖ਼ਿਲਾਫ਼ ਜਾ ਕੇ ਕੋਈ ਕੰਮ ਕਰਦਾ ਹੈ ਤਾਂ ਉਸ ਖ਼ਿਲਾਫ਼ ਨਿਯਮਾਂ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਵੱਲੋਂ ਪ੍ਰਧਾਨ ਮੰਤਰੀ ਵਿਕਰਮਸਿੰਘੇ ਨੂੰ ਬਰਖ਼ਾਸਤ ਕੀਤੇ ਜਾਣ ਤੋਂ ਬਾਅਦ ਤੋਂ ਹੀ ਟਾਪੂ ਦੇਸ਼ ’ਚ ਸਿਆਸੀ ਸੰਕਟ ਬਣਿਆ ਹੋਇਆ ਹੈ।

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

“ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ”
New Drivers Are Also Welcome, We Give Paid Training With Full Time Job
For Further Information Contact: 6476253344

Honesty, Reliability, Commitment
HomeLife SilverCity Realty Inc. Brokerage
"Open House Until Sold"
○ 1 yr Home Warranty ○ Get 40% Discount on Brand Name
○ Furniture & Home Appliances ○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/ Disability/Funeral Insurance

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT BRAND NEW MACHINES 2018
Brake & Drum - On Special Sale! -Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਬੈਂਕਾਕ ਤੋਂ ਆਏ ਜਹਾਜ਼ ਦਾ ਟਾਇਰ ਫਟਿਆ

ਅੰਮ੍ਰਿਤਸਰ, 29 ਨਵੰਬਰ (ਪੋਸਟ ਬਿਊਰੋ)- ਬੈਂਕਾਕ ਤੋਂ ਆਏ ਸਪਾਈਸ ਜੈਟ ਦੇ ਇਕ ਜਹਾਜ਼ ਦਾ ਟਾਇਰ ਫਟ ਗਿਆ, ਜਿਸ ਵਿੱਚ 170 ਯਾਤਰੀ ਸਨ, ਪਰ ਸਾਰਿਆਂ ਦਾ ਬਚਾਅ ਹੋ ਗਿਆ।

ਮਿਲੀ ਜਾਣਕਾਰੀ ਮੁਤਾਬਕ ਬੈਂਕਾਕ ਤੋਂ ਆਏ ਸਪਾਈਸ ਜੈਟ ਦੇ ਜਹਾਜ਼ ਨੇ ਜਦੋਂ ਕੱਲ੍ਹ ਰਨਵੇ ਤੋਂ ਉਡਾਣ ਭਰੀ ਤਾਂ ਜਹਾਜ਼ ਦੀ ਲੈਫਟ ਸਾਈਡ ਦਾ ਅੰਦਰ ਵਾਲਾ ਟਾਇਰ ਬਰਸਟ ਹੋ ਗਿਆ। ਇਸ ਘਟਨਾ ਵਿੱਚ ਟਾਇਰ ਦੇ ਉਪਰ ਦੀ ਰਬੜ ਉਤਰ ਗਈ ਸੀ। ਜਹਾਜ਼ ਵਿੱਚ ਕੁੱਲ ਛੇ ਟਾਇਰ ਹੁੰਦੇ ਹਨ। ਬਾਕੀ ਦੇ ਪੰਜ ਟਾਇਰ ਸਹੀ ਸਨ। ਬੈਂਕਾਕ ਏਅਰਪੋਰਟ 'ਤੇ ਜਹਾਜ਼ ਨੂੰ ਵਾਪਸ ਬੁਲਾਉਣ ਦੀ ਥਾਂ ਅੱਗੇ ਅੰਮ੍ਰਿਤਸਰ ਨੂੰ ਉਡਾਣ ਲੈ ਜਾਣ ਦੀ ਆਗਿਆ ਦੇ ਦਿੱਤੀ ਗਈ ਤੇ ਫਟੇ ਟਾਇਰ ਨਾਲ ਹੀ ਜਹਾਜ਼ ਅੰਮ੍ਰਿਤਸਰ ਵੱਲ ਮੁੜ ਗਿਆ, ਪਰ ਅੰਮ੍ਰਿਤਸਰ ਏਅਰਪੋਰਟ ਨੂੰ ਇਸ ਦੀ ਜਾਣਕਾਰੀ ਦੇ ਦਿੱਤੀ ਗਈ ਕਿ ਉਕਤ ਜਹਾਜ਼ ਦਾ ਟਾਇਰ ਫਟਿਆ ਹੈ। ਅੰਮ੍ਰਿਤਸਰ ਏਅਰਪੋਰਟ ਦੇ ਡਾਇਰੈਕਟਰ ਮਨੋਜ ਚੰਸੋਰੀਆ ਨੇ ਏਥੇ ਆਉਣ ਤੋਂ ਪਹਿਲਾਂ ਹੀ ਪ੍ਰਬੰਧ ਕਰ ਦਿੱਤਾ ਗਿਆ ਸੀ ਅਤੇ ਜਹਾਜ਼ ਦੇ ਚਾਲਕ ਨਾਲ ਪੂਰਾ ਸੰਪਰਕ ਰੱਖਿਆ। ਇਸ ਦੌਰਾਨ ਜਿਵੇਂ ਹੀ ਜਹਾਜ਼ ਆਪਣੇ ਨਿਰਧਾਰਿਤ ਸਮੇਂ ਦੇ ਅਨੁਸਾਰ ਅੰਮ੍ਰਿਤਸਰ ਰਨਵੇ ਦੀ ਰੇਂਜ ਵਿੱਚ ਆਇਆ ਤਾਂ ਅੰਮ੍ਰਿਤਸਰ ਏਅਰਪੋਰਟ 'ਤੇ ਰਾਡਾਰ ਦੀ ਮਦਦ ਨਾਲ ਜਹਾਜ਼ 'ਤੇ ਕੰਟਰੋਲਿੰਗ ਸ਼ੁਰੂ ਕਰ ਦਿੱਤੀ। ਚਾਲਕ ਨੂੰ ਹੁਕਮ ਦਿੱਤੇ ਗਏ ਕਿ ਉਹ ਹੁਸ਼ਿਆਰੀ ਨਾਲ ਜਹਾਜ਼ ਨੂੰ ਰਨਵੇ 'ਤੇ ਲੈਂਡ ਕਰਵਾਏ, ਕਿਉਂਕਿ ਜਹਾਜ਼ ਦਾ ਇਕ ਟਾਇਰ ਫਟਿਆ ਹੈ, ਇਸ ਲਈ ਪੂਰਾ ਬੈਲੇਂਸ ਬਣਾ ਕੇ ਲੈਂਡ ਕੀਤਾ ਜਾਣਾ ਚਾਹੀਦਾ। ਹੁਕਮਾਂ ਮੁਤਾਬਕ ਚਾਲਕ ਨੇ ਜਹਾਜ਼ ਦੀ ਲੈਂਡਿੰਗ ਲਈ ਦੋ ਵਾਰ ਅਪ੍ਰੋਚ ਕਰ ਕੇ ਜਹਾਜ਼ ਨੂੰ ਕੇਵਲ 300 ਫੁੱਟ ਦੀ ਉਚਾਈ ਤੋਂ ਰਨਵੇ ਦੇ ਨੇੜੇ ਲਿਆਉਣ ਦੀ ਰਿਹਰਸਲ ਕੀਤੀ। ਦੂਸਰੀ ਰਿਹਰਸਲ ਵਿੱਚ ਸਹੀ ਅਪ੍ਰੋਚ ਬਣਦੇ ਸਾਰ ਚਾਲਕ ਦਲ ਨੇ ਜਹਾਜ਼ ਦਾ ਬੈਲੇਂਸ ਬਣਾ ਕੇ ਜਹਾਜ਼ ਨੂੰ ਬਿਲਕੁਲ ਸਿੱਧਾ ਰੱਖਦੇ ਹੋਏ ਬੜੀ ਹੁਸ਼ਿਆਰੀ ਨਾਲ ਏਅਰਪੋਰਟ 'ਤੇ ਲੈਂਡਿੰਗ ਕੀਤੀ। ਏਅਰਪੋਰਟ ਸਟਾਫ ਤੇ ਟੈਕਨੀਸ਼ੀਅਨਸ ਨੇ ਪਹਿਲਾ ਹੀ ਪੂਰੇ ਪ੍ਰਬੰਧ ਕੀਤੇ ਹੋਏ ਸਨ। ਏਅਰਕ੍ਰਾਫਟ ਨੂੰ ਤੁਰੰਤ ਰੈਸਕਿਊ ਦਿੰਦੇ ਹੋਏ ਉਨ੍ਹਾਂ ਨੇ 15 ਮਿੰਟ ਵਿੱਚ ਪਾਟੇ ਟਾਇਰ ਦੀ ਜਗ੍ਹਾ ਸਪੇਅਰ ਵ੍ਹੀਲ ਫਿਟ ਕਰਕੇ ਜਹਾਜ਼ ਨੂੰ ਪੂਰੀ ਸਹੀ ਸ਼ੇਪ ਦਿੱਤੀ ਗਈ।

# ਸਲਫਾਸ ਦੀਆਂ ਗੋਲੀਆਂ ਖਾ ਕੇ ਔਰਤ ਵੱਲੋਂ ਖੁਦਕੁਸ਼ੀ

ਜਲੰਧਰ, 29 ਨਵੰਬਰ (ਪੋਸਟ ਬਿਊਰੋ)- ਰਾਮਾ ਮੰਡੀ ਵਿੱਚ ਬਾਬਾ ਬਾਲਕ ਨਾਥ ਮੰਦਰ ਵਾਲੀ ਗਲੀ 'ਚ ਰਹਿੰਦੀ ਚਾਲੀ ਸਾਲਾ ਔਰਤ ਨੇ ਸਲਫਾਸ ਦੀਆਂ ਗੋਲੀਆ ਖਾ ਕੇ ਖੁਦਕੁਸ਼ੀ ਕਰ ਲਈ। ਉਸ ਦੀ ਪਛਾਣ ਸੁਨੀਤਾ ਰਾਣੀ ਪਤਨੀ ਸੋਮਨਾਥ ਵਜੋਂ ਹੋਈ ਹੈ, ਜੋ ਆਪਣੇ ਭਰਾ ਰਾਜ ਕੁਮਾਰ ਦੀ ਹਾਰਟ ਅਟੈਕ ਕਾਰਨ ਕੁਝ ਸਮੇਂ ਪਹਿਲਾਂ ਹੋਈ ਮੌਤ ਤੋਂ ਪ੍ਰੇਸ਼ਾਨ ਸੀ, ਜਿਸ ਕਾਰਨ ਉਸ ਨੇ ਕੱਲ੍ਹ ਸਲਫਾਸ ਦੀਆਂ ਗੋਲੀਆਂ ਨਿਗਲ ਲਈਆਂ। ਗੰਭੀਰ ਹਾਲਤ 'ਚ ਉਸ ਦੇ ਪਰਵਾਰ ਵਾਲੇ ਉਸ ਨੂੰ ਨਿੱਜੀ ਹਸਪਤਾਲ 'ਚ ਲੈ ਕੇ ਗਏ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਸੁਨੀਤਾ ਦਾ ਵਿਆਹ 1995 'ਚ ਸੋਮਨਾਥ ਨਾਲ ਹੋਇਆ ਸੀ। ਉਸ ਦੀ 13 ਸਾਲਾ ਇੱਕ ਬੇਟੀ ਹੈ, ਜੋ ਕਿ ਸੱਤਵੀਂ ਜਮਾਤ 'ਚ ਪੜ੍ਹਦੀ ਹੈ। ਕੇਸ ਦੀ ਜਾਂਚ ਕਰ ਰਹੇ ਥਾਣਾ ਰਾਮਾ ਮੰਡੀ ਦੇ ਏ ਐੱਸ ਆਈ ਨਾਰਾਇਣ ਗੌੜ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕਾ ਦੇ ਪਿਤਾ ਜੀਤ ਰਾਮ ਵਾਸੀ ਪਿੰਡ ਨਾਗਰਾ, ਫਿਲੌਰ ਦੇ ਬਿਆਨਾਂ 'ਤੇ ਧਾਰਾ 174 ਦੀ ਕਾਰਵਾਈ ਕੀਤੀ। ਮ੍ਰਿਤਕਾ ਦੇ ਪੇਕਿਆਂ ਨੇ ਉਸ ਦੀ ਮੌਤ 'ਤੇ ਕਿਸੇ ਤਰ੍ਹਾਂ ਦਾ ਕੋਈ ਸ਼ੱਕ ਨਹੀਂ ਜਤਾਇਆ।

# ਮ੍ਰਿਤਕਾਂ ਨੂੰ ਪੈਨਸ਼ਨ ਮਿਲਣ ਬਾਰੇ ਸਰਕਾਰ ਤੇ ਹੋਰਨਾਂ ਨੂੰ ਨੋਟਿਸ

ਚੰਡੀਗੜ੍ਹ, 29 ਨਵੰਬਰ (ਪੋਸਟ ਬਿਊਰੋ)- ਤਰਨ ਤਾਰਨ ਨੇੜਲੇ ਪਿੰਡ ਮਲਮੋਹਰੀ ਦੇ ਪੰਚਾਇਤ ਸਕੱਤਰ, ਸਰਪੰਚ ਅਤੇ ਪੰਚਾਂ ਦੀ ਮਿਲੀਭੁਗਤ ਨਾਲ ਮਰੇ ਹੋਏ ਲੋਕਾਂ ਦੇ ਨਾਮ ਉੱਤੇ ਬੁਢਾਪਾ ਪੈਨਸ਼ਨ ਜਾਰੀ ਕਰ ਦਿੱਤੀ ਗਈ। ਇਸ ਕੇਸ ਵਿੱਚ ਹਾਈ ਕੋਰਟ ਨੇ ਪੰਜਾਬ ਸਰਕਾਰ, ਪੰਚਾਇਤ ਵਿਭਾਗ ਦੇ ਸਕੱਤਰ ਅਤੇ ਤਰਨ ਤਾਰਨ ਦੇ ਡੀ ਸੀ ਅਤੇ ਹੋਰ ਸਾਰਿਆਂ ਪੱਖਾਂ ਨੂੰ ਛੇ ਦਸੰਬਰ ਲਈ ਨੋਟਿਸ ਜਾਰੀ ਕਰਕੇ ਜਵਾਬ ਮੰਗ ਲਿਆ ਹੈ।

ਜਸਟਿਸ ਜਤਿੰਦਰ ਚੌਹਾਨ ਨੇ ਇਹ ਨੋਟਿਸ ਮਲਮੋਹਰੀ ਪਿੰਡ ਦੇ ਦਿਲਬਾਗ ਸਿੰਘ ਅਤੇ ਕੁਲਵਿੰਦਰ ਸਿੰਘ ਵੱਲੋਂ ਐਡਵੋਕੇਟ ਪਰਮਵੀਰ ਸਿੰਘ ਦੇ ਰਾਹੀਂ ਦਾਇਰ ਅਰਜ਼ੀ ਦੀ ਸੁਣਵਾਈ ਦੌਰਾਨ ਜਾਰੀ ਕੀਤੇ ਹਨ। ਪਟੀਸ਼ਨ ਵਿੱਚ ਦੱਸਿਆ ਗਿਆ ਹੈ ਕਿ ਪਿੰਡ ਵਿੱਚ ਬੁਢਾਪਾ ਪੈਨਸ਼ਨ ਲੈਣ ਵਾਲੇ ਕੁਝ ਲੋਕਾਂ ਦੀ ਮੌਤ ਪਿੱਛੋਂ ਵੀ ਉਨ੍ਹਾਂ ਦੇ ਨਾਮ ਪੈਨਸ਼ਨ ਜਾਰੀ ਕੀਤੀ ਜਾ ਰਹੀ ਹੈ। ਇਨ੍ਹਾਂ ਮਰ ਚੁੱਕੇ ਲੋਕਾਂ ਦੇ ਨਾਵਾਂ ਦੇ ਅੱਗੇ ਅੰਗੂਠੇ ਦੇ ਨਿਸ਼ਾਨ ਲਾ ਇਹ ਪੈਨਸ਼ਨ ਜਾਰੀ ਹੋ ਰਹੀ ਹੈ। ਇਹ ਹੀ ਨਹੀਂ ਇਨ੍ਹਾਂ 'ਚੋਂ ਕਈਆਂ ਨੂੰ ਦੋ-ਦੋ ਬੁਢਾਪਾ ਪੈਨਸ਼ਨ ਮਿਲ ਰਹੀਆਂ ਹਨ। ਕਈ ਅਯੋਗ ਲੋਕਾਂ ਨੂੰ ਬੁਢਾਪਾ ਪੈਨਸ਼ਨ ਜਾਰੀ ਕੀਤੇ ਜਾਣ ਦਾ ਦੋਸ਼ ਲਾਇਆ ਗਿਆ ਹੈ। ਪਟੀਸ਼ਨਰਾਂ ਨੂੰ ਜਦ ਇਸ ਘੋਟਾਲੇ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਪਿਛਲੇ ਸਾਲ 12 ਜੁਲਾਈ ਨੂੰ ਤਰਨ ਤਾਰਨ ਦੇ ਡੀ ਸੀ ਨੂੰ ਇਕ ਅਰਜ਼ੀ ਦੇ ਕੇ ਦਸਤਾਵੇਜ਼ਾਂ ਦੇ ਨਾਲ ਇਸ ਦੀ ਜਾਂਚ ਦੀ ਮੰਗ ਕੀਤੀ। ਡੀ ਸੀ ਨੇ ਡੀ ਡੀ ਪੀ ਓ ਨੂੰ ਜਾਂਚ ਦੇ ਹੁਕਮ ਦਿੱਤੇ। ਡੀ ਡੀ ਪੀ ਓ ਨੇ ਬੀ ਡੀ ਪੀ ਓ ਨੂੰ ਦਸ ਦਿਨ ਦੇ ਅੰਦਰ ਜਾਂਚ ਲਈ ਹੁਕਮ ਦਿੱਤੇ ਸਨ, ਪਰ ਜਾਂਚ ਨਹੀਂ ਕੀਤੀ ਗਈ ਤਾਂ ਪਟੀਸ਼ਨਰਾਂ ਨੇ ਇਕ ਵਾਰ ਫਿਰ ਸ਼ਿਕਾਇਤ ਕਰ ਦਿੱਤੀ। ਇਸ ਵਾਰ ਡੀ ਡੀ ਪੀ ਓ ਨੇ ਜਾਂਚ ਕਰਕੇ ਉਸ ਦੀ ਰਿਪੋਰਟ ਪੰਚਾਇਤ ਅਤੇ ਗ੍ਰਾਮੀਣ ਵਿਕਾਸ ਵਿਭਾਗ ਨੂੰ ਸੌਂਪਦੇ ਹੋਏ ਪਟੀਸ਼ਨਰਾਂ ਦੇ ਦੋਸ਼ਾਂ ਨੂੰ ਸਹੀ ਪਾਇਆ ਅਤੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਦੀ ਸਿਫਾਰਸ਼ ਕਰ ਦਿੱਤੀ ਸੀ, ਪਰ ਕਾਰਵਾਈ ਨਹੀਂ ਹੋਈ।

# ਪੰਜਾਬ ਸਰਕਾਰ ਵੱਲੋਂ ਸਬਸਿਡੀ, ਜੀ ਐੱਸ ਟੀ ਅਤੇ ਹੋਰ ਸਕੀਮਾਂ ਲਈ 667.63 ਕਰੋੜ ਜਾਰੀ



ਚੰਡੀਗੜ੍ਹ, 29 ਨਵੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਰਦੇਸ਼ਾਂ 'ਤੇ ਵਿੱਤ ਵਿਭਾਗ ਨੇ ਬਿਜਲੀ ਸਬਸਿਡੀ, ਸਥਾਨਕ ਸੰਸਥਾਵਾਂ ਨੂੰ ਜੀ ਐੱਸ ਟੀ ਦੇ ਮੁਆਵਜ਼ੇ, ਪੀ ਆਈ ਡੀ ਬੀ ਦੇ ਵੱਖ-ਵੱਖ ਪ੍ਰੋਜੈਕਟਾਂ ਅਤੇ ਆਸ਼ੀਰਵਾਦ ਸਕੀਮ ਵਾਸਤੇ 667.63 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ।

ਇੱਕ ਸਰਕਾਰੀ ਬੁਲਾਰੇ ਅਨੁਸਾਰ ਬਿਜਲੀ ਸਬਸਿਡੀ ਵਾਸਤੇ ਪੀ ਐੱਸ ਪੀ ਸੀ ਐੱਲ ਨੂੰ 275 ਕਰੋੜ ਰੁਪਏ ਅਤੇ ਜੀ ਐੱਸ ਟੀ ਦੇ ਮੁਆਵਜ਼ੇ ਲਈ ਲੋਕਲ ਬਾਡੀਜ਼ ਵਿਭਾਗ ਨੂੰ 125 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਪ੍ਰੋਜੈਕਟਾਂ ਵਾਸਤੇ ਪੀ ਆਈ ਡੀ ਬੀ ਨੂੰ 95.48 ਕਰੋੜ ਰੁਪਏ ਤੇ ਤੀਹ ਸਤੰਬਰ 2018 ਤੱਕ ਅਸ਼ੀਰਵਾਦ ਸਕੀਮ ਹੇਠ ਲਾਭ ਪਾਤਰੀਆਂ ਨੂੰ ਭੁਗਤਾਨ ਵਾਸਤੇ ਸੋਸ਼ਲ ਸੁਰੱਖਿਆ ਵਿਭਾਗ ਨੂੰ 34.47 ਕਰੋੜ ਦੀ ਰਾਸ਼ੀ ਦਿੱਤੀ ਗਈ ਹੈ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਅਤੇ ਭਗਤ ਪੂਰਨ ਸਿੰਘ ਬੀਮਾ ਯੋਜਨਾ ਲਈ ਕ੍ਰਮਵਾਰ 25 ਕਰੋੜ ਰੁਪਏ ਅਤੇ 25.73 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸਰਕਾਰੀ ਬੁਲਾਰੇ ਅਨੁਸਾਰ ਮੈਡੀਕਲ ਮੁੜ ਭੁਗਤਾਨ, ਬਿਜਲੀ, ਤੇਲ ਤੇ ਕੁਦਰਤੀ ਖਰਚ ਲਈ 22 ਨਵੰਬਰ ਤੱਕ 45.61 ਕਰੋੜ ਸਟੈਂਡਰਡ ਆਬਜੈਕਟ ਆਫ ਐਕਸਪੈਂਡੀਚਰ (ਐੱਸ ਓ ਈਜ਼) ਵਜੋਂ ਜਾਰੀ ਕੀਤੇ ਹਨ, ਜਦ ਕਿ ਸੂਬੇ ਵਿੱਚ ਜੁਡੀਸ਼ਲ ਕੋਰਟ ਕੰਪਲੈਕਸ ਬਣਾਉਣ ਲਈ ਲੋਕ ਨਿਰਮਾਣ ਵਿਭਾਗ ਨੂੰ 11.86 ਕਰੋੜ ਰੁਪਏ ਦਿੱਤੇ ਗਏ ਹਨ। ਬੁਲਾਰੇ ਅਨੁਸਾਰ ਸੈਂਟਰਲ ਰੋਡ ਫੰਡ ਦੇ ਹੇਠ ਵਿੱਤ ਵਿਭਾਗ ਵੱਲੋਂ ਪੀ ਡਬਲਯੂ ਡੀ ਨੂੰ 9.51 ਕਰੋੜ ਰੁਪਏ ਜਾਰੀ ਹੋਏ ਹਨ ਅਤੇ ਜੇਲ੍ਹ ਵਿਭਾਗ ਨੂੰ 6.56 ਕਰੋੜ ਰੁਪਏ ਅਤੇ ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੁੱਡਾ) ਨੂੰ 3.38 ਕਰੋੜ ਰੁਪਏ ਦਿੱਤੇ ਗਏ ਹਨ।


Machine Operators Required

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟੀਆਂ ਵਾਲਾ ਪੱਕਾ ਕੰਮ

Duties & Responsibilities
- Assemble, load and unload production parts
- lifting up to 20 lbs
- Operate on 2-3 CNC machines at one time.
- Use mechanical attitude to troubleshoot and maintain different machine

Pay Rate: $15 - $16 per hour
To apply send resume to aisha@wemovepeople.co

A/Z DRIVERS/OWNER OPERATORS NEEDED FOR LOCAL & USA
Earn upto $21 to $32/hr

- USA owner operators 0.95 cent/mile + Fuel
- USA company drivers 0.60 cent/ mile
- Canada owner Operators 0.85 cent/mile + Fuel
- Canada company Drivers 0.50 cent.mile

Skylark Logistics Inc.



Sam Mann: 416-617-2405
Mr. Kyla: 519-821-7999 ext.222





Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ, ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ, ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ। ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 647-616-4244, 647-328-1601 ਜਾਂ Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

{ YOUR AD HERE }
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work - All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਆਪੋ ਆਪਣੇ ਪਤੀਆਂ ਨੂੰ ਆਰਥਿਕ ਲਾਭ ਦਿਵਾਉਣ ਵਾਲੀਆਂ ਤਿੰਨ ਮਹਿਲਾ ਕੌਂਸਲਰਾਂ ਨੂੰ ਨੋਟਿਸ

ਬਟਾਲਾ, 29 ਨਵੰਬਰ (ਪੋਸਟ ਬਿਊਰੋ)- ਨਗਰ ਕੌਂਸਲ ਫਤਿਹਗੜ੍ਹ ਚੂੜੀਆਂ ਦੀਆਂ ਤਿੰਨ ਮਹਿਲਾ ਕੌਂਸਲਰਾਂ ਨੂੰ ਸਰਕਾਰ ਨੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਹ ਕਾਰਵਾਈ ਇਸ ਸੂਚਨਾ ਪਿੱਛੋਂ ਕੀਤੀ ਗਈ ਹੈ ਕਿ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਉਨ੍ਹਾਂ ਦੇ ਪਤੀਆਂ ਨੇ ਨਗਰ ਕੌਂਸਲ ਦੀ ਬੈਠਕ ਦੀ ਕਾਰਵਾਈ ਵਿੱਚ ਉਨ੍ਹਾਂ ਦੀ ਥਾਂ ਹਿੱਸਾ ਲਿਆ ਸੀ।



ਲੋਕਲ ਬਾਡੀਜ਼ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਏ ਵੇਣੂ ਪ੍ਰਸਾਦ ਵੱਲੋਂ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ ਵਿੱਚ ਮਹਿਲਾ ਕੌਂਸਲਰਾਂ ਹਰਕੀਰਤ ਕੌਰ, ਕਮਲੇਸ਼ ਅਤੇ ਪ੍ਰਤਿਭਾ ਰਾਣੀ ਤੋਂ ਇਹ ਪੁੱਛਿਆ ਗਿਆ ਹੈ ਕਿ ਉਨ੍ਹਾਂ ਦੇ ਪਤੀਆਂ ਵੱਲੋਂ ਨਗਰ ਪ੍ਰੀਸ਼ਦ ਦੇ ਸਦਨ ਦੀ ਬੈਠਕ ਦੀ ਕਾਰਵਾਈ ਵਿੱਚ ਸ਼ਾਮਲ ਹੋਣ 'ਤੇ ਉਨ੍ਹਾਂ ਦੇ ਵਿਰੁੱਧ ਕਾਰਵਾਈ ਕਿਉਂ ਨਾ ਕੀਤੀ ਜਾਏ। ਇਸ ਬਾਰੇ ਉਨ੍ਹਾਂ ਤਿੰਨਾਂ ਤੋਂ 21 ਦਿਨ ਵਿੱਚ ਜਵਾਬ ਮੰਗਿਆ ਗਿਆ ਹੈ। ਇਸ ਦੇ ਇਲਾਵਾ ਨਗਰ ਕੌਂਸਲ ਪ੍ਰਧਾਨ ਬਲਜੀਤ ਸਿੰਘ ਚੌਹਾਨ ਅਤੇ ਈ ਓ ਭੁਪਿੰਦਰ ਸਿੰਘ ਨੂੰ ਵੀ ਨੋਟਿਸ ਭੇਜਿਆ ਗਿਆ ਹੈ ਕਿ ਬੀਤੇ ਤਿੰਨ ਸਾਲ ਤੋਂ ਲਗਾਤਾਰ ਦੋਹਰਾਈ ਜਾ ਰਹੀ ਇਸ ਪ੍ਰਕਿਰਿਆ ਦਾ ਉਨ੍ਹਾਂ ਨੋਟਿਸ ਕਿਉਂ ਨਹੀਂ ਲਿਆ। ਜਾਣਕਾਰ ਸੂਤਰਾਂ ਅਨੁਸਾਰ ਇਹ ਕਾਰਵਾਈ ਇਸ ਸੂਚਨਾ ਦੇ ਬਾਅਦ ਕੀਤੀ ਗਈ ਹੈ ਕਿ ਪੰਜਾਬ ਵਿੱਚ ਆਮ ਤੌਰ 'ਤੇ ਜਿੱਤਣ ਦੇ ਬਾਅਦ ਮਹਿਲਾ ਕੌਂਸਲਰਾਂ ਦੇ ਸਥਾਨ ਉੱਤੇ ਉਨ੍ਹਾਂ ਦੇ ਪਤੀ ਬਤੌਰ ਕੌਂਸਲਰ ਕੰਮ ਕਰਦੇ ਹਨ ਅਤੇ ਇਥੋਂ ਤੱਕ ਕਿ ਨਗਰ ਕੌਂਸਲ ਦੀਆਂ ਬੈਠਕਾਂ ਵਿੱਚ ਵੀ ਪਤਨੀ ਦੀ ਬਜਾਏ ਖੁਦ ਸ਼ਾਮਲ ਹੁੰਦੇ ਹਨ ਅਤੇ ਕੌਂਸਲਰ ਨੂੰ ਮਿਲਣ ਵਾਲੇ ਆਰਥਿਕ ਲਾਭ ਵੀ ਲੈਂਦੇ ਹਨ।

ਵਿਰੋਧੀ ਧਿਰ ਦੇ ਸੂਤਰ ਦੱਸਦੇ ਹਨ ਕਿ ਸਰਕਾਰ ਵੱਲੋਂ ਇਹ ਕਾਰਵਾਈ ਰਾਜਸੀ ਬਦਲੇ ਦੀ ਭਾਵਨਾ ਨਾਲ ਕੀਤੀ ਜਾ ਰਹੀ ਹੈ। ਫਤਿਹਗੜ੍ਹ ਚੂੜੀਆਂ ਤੋਂ ਵਿਧਾਇਕ ਅਤੇ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਨਗਰ ਕੌਂਸਲ ਫਤਿਹਗੜ੍ਹ ਚੂੜੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਕਿਉਂਕਿ ਪ੍ਰੀਸ਼ਦ ਉੱਤੇ ਅਕਾਲੀ ਦਲ ਦਾ ਕਬਜ਼ਾ ਹੈ। ਇਹ ਕਬਜ਼ਾ ਤੋੜਨ ਲਈ ਤਿੰਨ ਕੌਂਸਲਰਾਂ ਨੂੰ ਅਯੋਗ ਕਰਾਰ ਕਰ ਕੇ ਕੌਂਸਲ ਭੰਗ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੌਂਸਲ ਦੇ ਸੂਤਰਾਂ ਅਨੁਸਾਰ ਕੌਂਸਲ ਮੀਟਿੰਗ ਵਿੱਚ ਹਿੱਸਾ ਲੈਣ 'ਤੇ ਹਰ ਕੌਂਸਲਰ ਨੂੰ ਮਿਲਣ ਵਾਲਾ 500 ਰੁਪਏ ਦਾ ਭੱਤਾ ਪਤੀਆਂ ਵੱਲੋਂ ਪਤਨੀਆਂ ਦੇ ਜਾਅਲੀ ਦਸਖਤ ਕਰ ਕੇ ਲਿਆ ਜਾ ਰਿਹਾ ਸੀ। ਉਕਤ ਕੌਂਸਲਰਾਂ ਵੱਲੋਂ ਸਰਕਾਰੀ ਪੈਸੇ ਵਿੱਚ ਫਰਾਡ ਕੀਤਾ ਜਾ ਰਿਹਾ ਸੀ, ਇਸ ਲਈ ਉਨ੍ਹਾਂ ਦੇ ਖਿਲਾਫ ਕਾਰਵਾਈ ਕਰ ਕੇ ਉਨ੍ਹਾਂ ਤੋਂ ਲਏ ਪੈਸੇ ਵਸੂਲੀ ਕੀਤੇ ਜਾਣਗੇ। ਇਸ ਦੇ ਇਲਾਵਾ ਉਨ੍ਹਾਂ ਦੇ ਖਿਲਾਫ ਸਰਕਾਰੀ ਪੈਸੇ ਵਿੱਚ ਹੇਰਾਫੇਰੀ ਕਰਨ ਦੇ ਦੋਸ਼ ਵਿੱਚ ਅਪਰਾਧਕ ਕਾਰਵਾਈ ਵੀ ਕੀਤੀ ਜਾ ਸਕਦੀ ਹੈ ਅਤੇ ਜਾਅਲੀ ਹਸਤਾਖਰ ਕਰਨ ਦੇ ਦੋਸ਼ ਵਿੱਚ ਪਤੀ ਵੀ ਇਸ ਦੇ ਲਪੇਟੇ ਵਿੱਚ ਆ ਸਕਦੇ ਹਨ।

# ਪੰਜਾਬ ਦੀਆਂ ਪੰਚਾਇਤੀ ਚੋਣਾਂ ਜਨਵਰੀ ਤੱਕ ਟਲਣ ਦਾ ਸ਼ੱਕ

ਜਲੰਧਰ, 29 ਨਵੰਬਰ (ਪੋਸਟ ਬਿਊਰੋ)- ਪੰਚਾਇਤੀ ਚੋਣਾਂ ਇੱਕ ਵਾਰ ਫਿਰ ਜਨਵਰੀ ਮਹੀਨੇ ਤੱਕ ਟਲ ਸਕਦੀਆਂ ਹਨ। ਪਹਿਲਾਂ ਚੋਣਾਂ 15 ਨਵੰਬਰ ਤੱਕ ਕਰਵਾਏ ਜਾਣ ਲਈ ਪ੍ਰੋਗਰਾਮ ਜਾਰੀ ਕਰਨ ਦੇ ਬਿਆਨ ਵੀ ਛਪਦੇ ਰਹੇ ਤੇ ਸਰਕਾਰ ਨੇ ਪੰਚਾਇਤੀ ਚੋਣਾਂ ਵਿੱਚ ਔਰਤਾਂ ਤੇ ਐਸ ਸੀ ਵਰਗ ਦੇ ਰਾਖਵੇਂਕਰਨ ਲਈ ਡਿਪਟੀ ਕਮਿਸ਼ਨਰਾਂ ਨੂੰ ਅਧਿਕਾਰ ਦੇ ਕੇ ਇਹ ਕਾਰਜ ਪੂਰਾ ਕਰਨ ਦੀ ਜ਼ਿੰਮੇਵਾਰੀ ਸੌਂਪੀ, ਪਰ ਸਿਆਸੀ ਕਰ ਕੇ ਲੱਗਦਾ ਹੈ ਕਿ ਸਾਰੀਆਂ ਤਿਆਰੀਆਂ ਦੇ ਬਾਵਜੂਦ ਇਹ ਚੋਣ ਇਕ ਵਾਰ ਟਲ ਗਈ ਹੈ। ਪਤਾ ਲੱਗਾ ਹੈ ਕਿ ਪੰਚਾਇਤੀ



ਚੋਣਾਂ ਬਾਰੇ ਜਾਰੀ ਨੋਟੀਫਿਕੇਸ਼ਨ ਦੀ ਮਿਆਦ 15 ਜਨਵਰੀ 2019 ਤੱਕ ਖਤਮ ਹੋਣੀ ਹੈ। ਸਰਕਾਰ ਨੂੰ ਇਹ ਚੋਣਾਂ ਉਸ ਤੋਂ ਪਹਿਲਾਂ ਕਰਵਾਉਣੀਆਂ ਪੈਣਗੀਆਂ।

ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਚਾਹੇ ਤਾਂ ਇਸ ਨੋਟੀਫਿਕੇਸ਼ਨ ਤੋਂ ਬਾਅਦ ਪੰਚਾਇਤੀ ਚੋਣਾਂ ਲਈ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਸਕਦਾ ਹੈ। ਸਾਲ 2008 ਵਿੱਚ ਵੀ ਪੰਚਾਇਤੀ ਚੋਣਾਂ ਮਿਆਦ ਪੁੱਗਣ ਤੋਂ ਕਰੀਬ 10 ਮਹੀਨੇ ਬਾਅਦ ਕਰਾਈਆਂ ਗਈਆਂ ਸਨ। ਪੰਚਾਇਤ ਵਿਭਾਗ ਵੱਲੋਂ ਸੁਸਤ ਰਫਤਾਰ ਫੜਨ ਨਾਲ ਅਧਿਕਾਰੀਆਂ ਵਿੱਚ ਇਹ ਪ੍ਰਭਾਵ ਪਾਇਆ ਜਾ ਰਿਹਾ ਹੈ ਕਿ ਪੰਚਾਇਤੀ ਚੋਣਾਂ ਜਨਵਰੀ ਤੱਕ ਟਲ ਹੀ ਜਾਣੀਆਂ ਹਨ। ਡਾਇਰੈਕਟਰ ਪੰਚਾਇਤਾਂ ਜਸਕਿਰਨ ਸਿੰਘ ਨੇ ਦੱਸਿਆ ਕਿ ਰਾਖਵੇਂਕਰਨ ਦਾ ਫੈਸਲਾ ਡਿਪਟੀ ਕਮਿਸ਼ਨਰਾਂ ਨੇ ਕਰਨਾ ਹੈ ਤੇ ਕਈ ਜ਼ਿਲਿਆਂ ਵਿੱਚ ਇਸ ਬਾਰੇ ਫੈਸਲਾ ਕਰਕੇ ਨੈਟ 'ਤੇ ਵੀ ਪਾਇਆ ਜਾ ਚੁੱਕਾ ਹੈ, ਪਰ ਕਈ ਜ਼ਿਲਿਆਂ ਵਿੱਚ ਫੈਸਲਾ ਲੈਣਾ ਅਜੇ ਬਾਕੀ ਹੈ।

## ਗੁਆਚਿਆ ਪਰਸ ਮੋੜਨ ਵਾਲੇ ਨੇ ਹੋਰ ਵੀ ਕਮਾਲ ਕਰ ਦਿੱਤੀ

ਵਾਸ਼ਿੰਗਟਨ, 29 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਹੰਟਰ ਸ਼ਮੈਟ ਨਾਲ ਫਲਾਈਟ ਵਿੱਚ ਉਤਰਦੇ ਹੋਇਆਂ ਇਕ ਘਟਨਾ ਵਾਪਰੀ, ਜੋ ਉਨ੍ਹਾਂ ਦੀ ਪੂਰੀ ਜ਼ਿੰਦਗੀ ਦੀਆਂ ਵਧੀਆ ਯਾਦਾਂ ’ਚ ਸ਼ਾਮਲ ਹੋ ਗਈ।

ਅਸਲ ਵਿੱਚ ਹੰਟਰ ਆਪਣੀ ਭੈਣ ਦੇ ਵਿਆਹ ’ਚ ਸ਼ਾਮਲ ਹੋਣ ਲਈ ਲਾਸ ਵੇਗਾਸ ਆਏ ਸਨ, ਪਰ ਓਥੇ ਪੁੱਜਣ ’ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦਾ ਪਰਸ ਫਲਾਈਟ ਵਿੱਚ ਰਹਿ ਗਿਆ ਹੈ। ਉਸ ਦੇ ਪਰਸ ਵਿੱਚ 60 ਡਾਲਰ ਸਨ ਤੇ ਇਸ ਦੇ ਨਾਲ 400 ਡਾਲਰ ਦਾ ਇਕ ਚੈਕ, ਬੈਂਕ ਕਾਰਡ ਅਤੇ ਆਈ ਕਾਰਡ ਸਨ। ਉਸ ਨੇ ਫਰੰਟੀਅਰ ਫਲਾਈਟ ਨੂੰ ਫੋਨ ਕਰ ਕੇ ਪਤਾ ਕੀਤਾ ਕਿ ਕੀ ਉਨ੍ਹਾਂ ਨੂੰ ਕੋਈ ਪਰਸ ਮਿਲਿਆ ਹੈ, ਪਰ ਉਸ ਦੇ ਹੱਥ ਨਿਰਾਸ਼ਾ ਲੱਗੀ, ਜਿਸ ਦੇ ਬਾਅਦ ਹੰਟਰ ਨੇ ਸੋਚਿਆ ਕਿ ਆਪਣੀ ਭੈਣ ਦੇ ਵਿਆਹ ਤਕ ਉਹ ਇਸ ਬਾਰੇ ਜ਼ਿਆਦਾ ਨਹੀਂ ਸੋਚੇਗਾ।

ਭੈਣ ਦਾ ਵਿਆਹ ਹੋਣ ਪਿੱਛੋਂ ਹੰਟਰ ਜਦ ਆਪਣੇ ਮਾਤਾ-ਪਿਤਾ ਨਾਲ ਓਮਾਹਾ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਆਈ ਡੀ ਕਾਰਡ ਨਾ ਹੋਣ ਕਾਰਨ ਹਵਾਈ ਅੱਡੇ ਉਤੇ ਇੰਤਜ਼ਾਰ ਵੀ ਕਰਨਾ ਪਿਆ। ਜਦ ਉਹ ਆਪਣੇ ਘਰ ਪੁੱਜੇ ਤਾਂ ਉਸ ਦੇ ਇਕ ਦਿਨ ਬਾਅਦ ਉਨ੍ਹਾਂ ਦੇ ਘਰ ਇਕ ਪੈਕਟ ਆਇਆ ਜਿਸ ’ਚ ਉਨ੍ਹਾਂ ਦਾ ਪਰਸ ਤੇ ਬਾਕੀ ਸਮਾਨ ਸੀ। ਇਸ ਪੈਕਟ ’ਚ ਇਕ ਚਿੱਠੀ ਵੀ ਸੀ, ਜਿਸ ਵਿੱਚ ਲਿਖਿਆ ਸੀ, ‘ਹੰਟਰ, ਮੈਨੂੰ ਇਹ ਪਰਸ ਫਰੰਟੀਅਰ ਫਲਾਈਟ ’ਚ ਸੀਟ ਅਤੇ ਕੰਧ ਵਿਚਕਾਰ ਮਿਲਿਆ। ਮੈਨੂੰ ਲੱਗਾ ਕਿ ਤੁਸੀਂ ਇਸ ਨੂੰ ਲੱਭ ਰਹੇ ਹੋਵੋਗੇ, ਇਸ ਲਈ ਮੈਂ ਤੁਹਾਡਾ ਕੈਸ਼ ਵਧਾ ਕੇ ਰਾਊਂਡ ਫਿੱਗਰ 100 ਡਾਲਰ ਕਰ ਦਿੱਤਾ ਹੈ, ਜਿਸ ਨਾਲ ਤੁਸੀਂ ਪਾਰਟੀ ਤੇ ਮਜ਼ੇ ਕਰੋ, ਆਲ ਦਿ ਬੈਸਟ।’ ਜਦ ਇਹ ਪੈਕਜ ਹੰਟਰ ਨੂੰ ਮਿਲਿਆ ਤਾਂ ਉਹ ਹੈਰਾਨ ਰਹਿ ਗਏ। ਹੰਟਰ ਦੀ ਮਾਂ ਨੇ ਇਸ ਚਿੱਠੀ ਨੂੰ ਫੇਸਬੁੱਕ ’ਤੇ ਅਪਲੋਡ ਕੀਤਾ ਅਤੇ ਧੰਨਵਾਦ ਕੀਤਾ। ਇਹ ਚਿੱਠੀ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ।

# ਗਰੀਬੀ ਮਿਟਾਉਣ ਲਈ ਚੀਨ 13 ਅਰਬ ਡਾਲਰ ਖਰਚ ਕਰੇਗਾ

ਬੀਜਿੰਗ, 29 ਨਵੰਬਰ (ਪੋਸਟ ਬਿਊਰੋ)- ਚੀਨ ਅਪਣੇ ਦੇਸ਼ ਵਿੱਚੋਂ ਗਰੀਬੀ ਦੂਰ ਕਰਨ ਲਈ ਅਗਲੇ ਸਾਲ ਲਗਭੱਗ 13 ਅਰਬ ਡਾਲਰ ਖਰਚ ਕਰੇਗਾ। ਚੀਨ 2020 ਤੱਕ ਗਰੀਬੀ ਦੂਰ ਕਰਨ ਦੀਆਂ ਕੋਸ਼ਿਸ਼ਾਂ ਵਿਚ ਜੁੱਟਿਆ ਹੈ।

ਸਰਕਾਰੀ ਏਜੰਸੀ ਰਾਸ਼ਟਰੀ ਅੰਕੜਾ ਬਿਊਰੋ (ਐਨ ਪੀ ਐਸ) ਨੇ ਸਤੰਬਰ ਵਿਚ ਦੱਸਿਆ ਸੀ ਕਿ ਸਾਲ 1978 ਤੋਂ 2017 ਦੌਰਾਨ ਦੇਸ਼ ਦੇ ਪੇਂਡੂ ਖੇਤਰਾਂ ਵਿਚ 74 ਕਰੋੜ (1.9 ਕਰੋੜ ਪ੍ਰਤੀ ਸਾਲ) ਲੋਕਾਂ ਨੂੰ ਗਰੀਬੀ ਰੇਖਾ ਤੋਂ ਕੱਢਿਆ ਹੈ। ਗਰੀਬੀ ਮਿਟਾਉਣ ਲਈ ਹਾਲ ਹੀ ਵਿਚ ਜਾਰੀ ਨਿਰਦੇਸ਼ਾਂ ਮੁਤਾਬਕ ਗਰੀਬ ਲੋਕਾਂ ਲਈ ਭੋਜਨ, ਕੱਪੜਾ,



ਦਵਾਈਆਂ ਅਤੇ ਬਿਹਤਰ ਜੀਵਨ ਸ਼ੈਲੀ ਦੀ ਗਾਰੰਟੀ ਚਾਹੀਦੀ ਹੈ। ਉਨ੍ਹਾਂ ਦੇ ਬੱਚਿਆਂ ਲਈ ਨੌਂ ਸਾਲ ਤੱਕ ਲਾਜ਼ਮੀ ਸਿੱਖਿਆ ਦੀ ਗਾਰੰਟੀ ਚਾਹੀਦੀ ਹੈ। ਚੀਨ ਵਿਚ ਸਾਲਾਨਾ ਕਰੀਬ 337.3 ਡਾਲਰ ਤੋਂ ਘੱਟ ਕਮਾਉਣ ਵਾਲਿਆਂ ਨੂੰ ਗਰੀਬ ਮੰਨਿਆ ਗਿਆ ਹੈ।

ਇਸ ਸੰਬੰਧ ਵਿੱਚ ਚੀਨ ਦੇ ਵਿੱਤ ਮੰਤਰਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਅਪਣੇ 2019 ਦੇ ਗਰੀਬੀ ਹਟਾਓ ਫੰਡ ਨੂੰ ਸਥਾਨਕ ਸਰਕਾਰਾਂ ਲਈ ਪਹਿਲਾਂ ਹੀ ਜਾਰੀ ਕਰ ਦਿਤਾ ਹੈ। ਇਹ 13 ਅਰਬ ਡਾਲਰ ਦਾ ਫੰਡ ਪਹਿਲਾਂ 28 ਪ੍ਰਾਂਤਾਂ, ਖੁਦ ਮੁਖਤਾਰ ਖੇਤਰਾਂ ਅਤੇ ਨਗਰ ਪਾਲਿਕਾਵਾਂ ਨੂੰ ਅਲਾਟ ਕੀਤਾ ਗਿਆ ਹੈ। ਚੀਨ ਨੇ ਸਾਲ 2015 ਵਿਚ ਦੇਸ਼ ਤੋਂ ਗਰੀਬੀ ਦੂਰ ਕਰਨ ਲਈ ਕਦਮ ਚੁੱਕਣੇ ਸ਼ੁਰੂ ਕਰ ਦਿਤੇ ਸਨ ਤੇ ਉਸ ਦਾ ਨਿਸ਼ਾਨਾ ਸਾਲ 2020 ਤੱਕ ਦੇਸ਼ ਤੋਂ ਗਰੀਬੀ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੈ। ਜਾਣਕਾਰ ਸੂਤਰਾਂ ਅਨੁਸਾਰ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸੱਤਾ ਵਿਚ ਆਉਣ ਦੇ ਬਾਅਦ ਤੋਂ ਬੀਤੇ ਪੰਜ ਸਾਲ ਵਿਚ ਚੀਨ ਵਿਚ ਕਰੀਬ 6.8 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਉੱਤੇ ਚੁੱਕਿਆ ਗਿਆ ਹੈ। ਇਸ ਸਾਲ ਦੇ ਅੰਤ ਤੱਕ ਕਰੀਬ ਇਕ ਕਰੋੜ ਲੋਕਾਂ ਨੂੰ ਗਰੀਬੀ ਰੇਖਾ ਦੇ ਉੱਤੇ ਚੁੱਕਣ ਦਾ ਨਿਸ਼ਾਨਾ ਹੈ।


WELCOME TO 85 RIVERWOOD TERR. IN BOLTON







Bolton's most prestigious South Hill Neighbourhood! Rarely offered detached home with 4 bedroom & 3.5 baths. Impeccably maintained by the original owners. Professionally finished open concept basement. Beautiful curb appeal with stone steps, interlock walkway, and new front entrance door. Great layout with combined living/dining room and spacious family room with gas fireplace. Updated family size kitchen overlooks the tranquil landscaped rear yard. Turn key property and move in ready.

Offered at $799,000



Dir: 416.508.4620
Off: 416.743.5000
www.VinceManzone.com
vmanzone@rogers.com

VINCE MANZONE
SALES REPRESENTATIVE

ROYAL LEPAGE
Real Estate PROFESSIONALS



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਨੈਨੀ ਦੀ ਜ਼ਰੂਰਤ
ਅਬਨੀਜ਼ਰ ਅਤੇ ਗੋਰ ਦੇ ਏਰੀਏ ਵਿਚ ਕੁਕਿੰਗ ਅਤੇ ਕਲੀਨਿੰਗ ਲਈ ਅਤੇ 2 ਬੱਚਿਆਂ ਦੀ ਸਾਂਭ ਸੰਭਾਲ ਲਈ ਜੋ ਕੇ 4 ਅਤੇ 5 ਸਾਲ ਦੇ ਹਨ, ਸਕੂਲ ਜਾਂਦੇ ਹਨ, ਲਈ ਨੈਨੀ ਦੀ ਜਰੂਰਤ ਹੈ। ਆਪਣਾ ਟਰਾਂਸਪੋਟੇਸ਼ਨ ਹੋਣਾ ਅਤੇ ਪੀ ਆਰ ਦਾ ਹੋਣਾ ਜ਼ਰੂਰੀ ਹੈ। ਕੰਮ ਸ਼ਾਮ ਨੂੰ 2:30 ਤੋਂ 7:30 ਤੱਕ ਸੋਮਵਾਰ ਤੋਂ ਸ਼ੁਕਰਵਾਰ ਤੱਕ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਦਿੱਤੇ ਨੰ. ’ਤੇ ਸੰਪਰਕ ਕੀਤਾ ਜਾ ਸਕਦਾ ਹੈ।
416-648-2455

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ



ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ ।
ਜਿਆਦਾ ਜਾਣਕਾਰੀ ਲਈ: 647-632-1742

RESIDENTIAL - COMMERCIAL
PROPERTY - INDUSTRIAL



KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar
INTERMODAL • TRANSPORT • STORAGE
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work



7290 Major Mackenzie Drive Kleinberg, Ont. L0J 1C0

V4U LOGISTIC INC.
Delivering "Satisfaction"... On Time ...Every Time.
NOW HIRING
A/Z Drivers Needed
For Canada To US Runs
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits




ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner


# 'ਪਾਗਲਪੰਤੀ' ਵਿੱਚ ਪੜ੍ਹੇ-ਲਿਖੇ ਬੇਰੋਜ਼ਗਾਰ ਦਾ ਕਿਰਦਾਰ ਕਰਨਗੇ ਜਾਨ ਅਬਰਾਹਮ



ਜਾਨ ਅਬਰਾਹਮ ਇਨ੍ਹੀਂ ਦਿਨੀਂ ਆਪਣੀ ਅਗਲੀ ਫਿਲਮ 'ਬਾਟਲਾ ਹਾਊਸ' ਦੀ ਸ਼ੂਟਿੰਗ ਦੇ ਲਈ ਬਿਜ਼ੀ ਹਨ। ਇਹ ਇੱਕ ਸੱਚੀ ਘਟਨਾ 'ਤੇ ਆਧਾਰਤ ਫਿਲਮ ਹੈ। ਇਸ ਵਿੱਚ ਉਹ ਐਨਕਾਊਂਟਰ ਕਰਨ ਵਾਲੇ ਪੁਲਸ ਅਫਸਰ ਦੇ ਕਿਰਦਾਰ ਵਿੱਚ ਹਨ। ਇਸ ਤੋਂ ਪਹਿਲਾਂ ਵੀ ਜਾਨ 'ਸਤਯਮੇਵ ਜਯਤੇ' ਵਿੱਚ ਐਕਸ਼ਨ ਕਰਦੇ ਨਜ਼ਰ ਆਏ ਸਨ। ਸੁਣਨ ਨੂੰ ਮਿਲਿਆ ਹੈ ਕਿ ਉਨ੍ਹਾਂ ਦੀ ਅਗਲੀ ਫਿਲਮ, ਜਿਸ ਦਾ ਨਾਂਅ 'ਸਾੜਸਤੀ' ਸੀ, ਉਸ ਨੂੰ ਬਦਲ ਕੇ 'ਪਾਗਲਪੰਤੀ' ਕੀਤਾ ਗਿਆ ਹੈ।

ਜਾਨ ਦੇ ਕਰੀਬੀਆਂ ਦਾ ਕਹਿਣਾ ਹੈ ਕਿ ਉਹ ਲਗਾਤਾਰ ਐਕਸ਼ਨ ਫਿਲਮਾਂ ਕਰਨ ਮਗਰੋਂ ਥੋੜ੍ਹਾ ਲਾਈਟਰ ਨੋਟ ਦੀ ਐਕਸ਼ਨ ਫਿਲਮ ਕਰਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ 'ਪਾਗਲਪੰਤੀ' ਕਰਨ ਦਾ ਫੈਸਲਾ ਲਿਆ। ਇਸ ਫਿਲਮ ਦੀ ਸ਼ੂਟਿੰਗ ਅਗਲੇ ਸਾਲ ਜਨਵਰੀ ਤੋਂ ਸ਼ੁਰੂ ਹੋਵੇਗੀ। ਤਿੰਨ ਮਹੀਨੇ ਦੇ ਟਾਈਟ ਸ਼ਡਿਊਲ ਵਿੱਚ ਇਸ ਦੀ ਸ਼ੂਟਿੰਗ ਸਟਾਰਟ ਟੂ ਫਿਨਿਸ਼ ਮੋਡ ਵਿੱਚ ਕੀਤੀ ਜਾਏਗੀ।

# ਅਨੁਰਾਗ ਬਸੁ ਦੀ ਫਿਲਮ ਵਿੱਚ ਹੋਵੇਗੀ ਫਾਤਿਮਾ ਸਨਾ ਸ਼ੇਖ਼



ਆਮਿਰ ਖਾਨ ਦੀ ਫਿਲਮ 'ਦੰਗਲ' ਨਾਲ ਡੈਬਿਊ ਕਰਨ ਵਾਲੀ ਫਾਤਿਮਾ ਸਨਾ ਸ਼ੇਖ ਪਿੱਛੇ ਜਿਹੇ ਫਿਲਮ 'ਠੱਗਸ ਆਫ ਹਿੰਦੋਸਤਾਨ' ਵਿੱਚ ਨਜ਼ਰ ਆਈ। ਦੋਵਾਂ ਫਿਲਮਾਂ ਵਿੱਚ ਉਸ ਦੀ ਐਕਟਿੰਗ ਦੀ ਤਾਰੀਫ ਕੀਤੀ ਗਈ। ਸੁਣਨ ਵਿੱਚ ਆਇਆ ਹੈ ਕਿ ਫਾਤਿਮਾ ਨੇ ਆਪਣੀ ਅਗਲੀ ਫਿਲਮ ਸਾਈਨ ਕਰ ਲਈ ਹੈ। ਸੂਤਰਾਂ ਮੁਤਾਬਕ ਉਸ ਨੂੰ ਅਨੁਰਾਗ ਬਸੁ ਦੀ ਫਿਲਮ ਵਿੱਚ ਲੀਡ ਰੋਲ ਆਫਰ ਕੀਤਾ ਗਿਆ ਹੈ। ਫਾਤਿਮਾ, ਅਨੁਰਾਗ ਨੂੰ ਕਈ ਵਾਰ ਮਿਲੀ ਅਤੇ ਕਹਾਣੀ ਸੁਣੀ। ਉਸ ਨੂੰ ਇਹ ਸਕ੍ਰਿਪਟ ਪਸੰਦ ਆਈ, ਜਿਸ ਦੇ ਬਾਅਦ ਉਸ ਨੇ ਇਸ ਫਿਲਮ ਦੇ ਲਈ ਹਾਮੀ ਭਰ ਦਿੱਤੀ ਹੈ।

ਬੀਤੇ ਦਿਨੀਂ ਇਹ ਫਿਲਮ ਸਾਈਨ ਕਰ ਚੁੱਕੀ ਫਾਤਿਮਾ ਇਨ੍ਹੀਂ ਦਿਨੀਂ ਤੁਰਕੀ ਵਿੱਚ ਛੁੱਟੀ ਮਨਾ ਰਹੀ ਹੈ। ਛੁੱਟੀ ਤੋਂ ਵਾਪਸ ਆਉਣ ਦੇ ਬਾਅਦ ਉਹ ਅਨੁਰਾਗ ਦੇ ਨਿਰਦੇਸ਼ਨ ਵਿੱਚ ਬਣਨ ਵਾਲੀ ਫਿਲਮ ਦੀ ਸ਼ੂਟਿੰਗ ਸ਼ੁਰੂ ਕਰੇਗੀ। ਸੁਣਨ ਵਿੱਚ ਆਇਆ ਹੈ ਕਿ ਇਹ ਫਿਲਮ 2007 ਵਿੱਚ ਰਿਲੀਜ਼ ਹੋਈ ਫਿਲਮ 'ਲਾਈਫ ਇਨ ਏ ਮੈਟਰੋ' ਦਾ ਸੀਕਵਲ ਹੋਵੇਗੀ। ਲੰਬੇ ਸਮੇਂ ਤੋਂ ਇਹ ਫਿਲਮ ਕਾਸਟਿੰਗ ਨੂੰ ਲੈ ਕੇ ਚਰਚਾ ਵਿੱਚ ਹੈ।

# ਹਰ ਅਨੁਭਵ ਦਾ ਮਜ਼ਾ ਲੈ ਰਹੀ ਹਾਂ : ਕਿਆਰਾ



'ਲਸਟ ਸਟੋਰੀਜ਼' ਰਾਹੀਂ ਚਰਚਾ ਵਿੱਚ ਆਈ ਕਿ ਕਿਆਰਾ ਜਲਦੀ ਕਈ ਹੋਰ ਹਿੰਦੀ ਤੇ ਤੇਲਗੂ ਫਿਲਮਾਂ 'ਚ ਨਜ਼ਰ ਐਗੀ। ਇਸ ਸਾਲ ਵੈੱਬ ਫਿਲਮ 'ਲਸਟ ਸਟੋਰੀਜ਼' ਵਿੱਚ ਸ਼ਾਨਦਾਰ ਅਭਿਨੈ ਨਾਲ ਸਿਰਫ ਕਿਆਰਾ ਅਡਵਾਨੀ ਨੇ ਆਪਣੀ ਬੋਲਡ ਇਮੇਜ ਬਣਾਈ ਹੈ, ਸਗੋਂ ਉਸ ਤੋਂ ਬਾਅਦ ਉਹ ਅਕਸਰ ਚਰਚਾ ਵਿੱਚ ਰਹਿਣ ਲੱਗੀ ਹੈ। ਫਿਲਮ 'ਪਗਲੀ' ਨਾਲ ਸ਼ੁਰੂ ਹੋਇਆ ਉਸ ਦਾ ਅਭਿਨੈ ਸਫਰ 'ਐੱਮ ਐੱਸ ਧੋਨੀ', 'ਮਸ਼ੀਨ', 'ਲਸਟ ਸਟੋਰੀਜ਼' ਅਤੇ ਤੇਲਗੂ ਫਿਲਮ 'ਭਾਰਤ ਅਨੇ ਨੇਨੂ' ਨਾਲ ਅੱਗੇ ਵਧਦਾ ਜਾ ਰਿਹਾ ਹੈ। ਅਭਿਨੇਤਾ ਅਸ਼ੋਕ ਕੁਮਾਰ ਤੇ ਸਈਦ ਜਾਫਰੀ ਦੀ ਰਿਸ਼ਤੇਦਾਰ ਕਿਆਰਾ ਕਿਸੇ ਜਾਣ-ਪਛਾਣ ਦੀ ਮੁਹਤਾਜ ਨਹੀਂ। ਉਹ ਦਰਸ਼ਕਾਂ ਦਾ ਸੰਪੂਰਨ ਮਨੋਰੰਜਨ ਕਰਨ ਵਾਲੀ ਕਲਾਕਾਰ ਬਣਨਾ ਚਾਹੁੰਦੀ ਹੈ।

ਕਿਆਰਾ ਉਸ ਨੂੰ ਮਿਲ ਰਹੀ ਹਰਮਨ ਪਿਆਰਤਾ ਦਾ ਪੂਰਾ ਆਨੰਦ ਲੈ ਰਹੀ ਹੈ। ਆਪਣੇ ਕਰੀਅਰ ਦੇ ਅੱਜ ਤੱਕ ਦੇ ਸਫਰ ਤੋਂ ਉਤਸ਼ਾਹਤ ਕਿਆਰਾ ਕਹਿੰਦੀ ਹੈ, "ਬੇਸ਼ੱਕ ਅੱਜ ਤੱਕ ਦਾ ਮੇਰਾ ਕਰੀਅਰ ਬਹੁਤ ਰੋਮਾਂਚ ਭਰਿਆ ਰਿਹਾ ਹੈ। ਮੇਰਾ ਕਰੀਅਰ ਗ੍ਰਾਫ ਲਗਾਤਾਰ ਉਪਰ ਵੱਲ ਜਾ ਰਿਹਾ ਹੈ, ਮੈਂ ਫਿਲਮ ਨਗਰੀ 'ਚ ਆਪਣੀ ਹਰ ਅਨੁਭਵ ਦਾ ਮਜ਼ਾ ਲੈ ਰਹੀ ਹਾਂ ਤੇ ਜਾਣਦੀ ਹਾਂ ਕਿ ਅੱਗੇ ਆਉਣ ਵਾਲਾ ਸਮਾਂ ਮੇਰੇ ਲਈ ਵੱਡੀਆਂ ਸੰਭਾਵਨਾਵਾਂ ਨਾਲ ਭਰਿਆ ਹੋਵੇਗਾ।"

ਬਚਪਨ ਦੀ ਇੱਕ ਦਿਲਚਸਪ ਗੱਲ ਦੱਸਦੇ ਹੋਏ ਕਿਆਰਾ ਨੇ ਕਿਹਾ, "ਬਚਪਨ ਵਿੱਚ 8-9 ਮਹੀਨਿਆਂ ਦੀ ਉਮਰ ਵਿੱਚ ਮੰਮੀ ਨਾਲ ਬੱਚਿਆ ਦੇ ਸਾਮਾਨ ਲਈ ਇੱਕ ਐਡ ਫਿਲਮ ਕੀਤੀ ਸੀ, ਉਸ ਨਾਲ ਜੁੜਿਆ ਕਿੱਸਾ ਵੀ ਦਿਲਚਸਪ ਹੈ ਦਰਅਸਲ ਮੰਮੀ ਮੈਨੂੰ ਲੈ ਕੇ ਇੱਕ ਗਾਰਡਨ ਵਿੱਚ ਘੁੰਮ ਰਹੀ ਸੀ। ਉਥੇ ਇੱਕ ਐਡ ਏਜੰਸੀ ਨਾਲ ਜੁੜੇ ਕਿਸੇ ਵਿਅਕਤੀ ਨੇ ਸਾਨੂੰ ਦੇਖਿਆ ਤੇ ਮੰਮੀ ਤੋਂ ਪੁੱਛਿਆ ਕਿ 'ਕੀ ਤੁਸੀਂ ਇੱਕ ਮਾਂ-ਬੇਟੀ ਦੀ ਐਡ ਵਿੱਚ ਕੰਮ ਕਰੋਗੇ।' ਮੰਮੀ ਨੇ ਮਨ੍ਹਾ ਕਰ ਦਿੱਤਾ, ਪਰ ਉਹ ਬਹੁਤ ਬੇਨਤੀ ਕਰਨ ਲੱਗਾ। ਉਸ ਦੇ ਵਾਰ-ਵਾਰ ਕਹਿਣ ਉਤੇ ਮੰਮੀ ਤਿਆਰ ਹੋ ਗਈ ਤੇ ਇਸ ਤਰ੍ਹਾਂ ਮੈਂ ਮੰਮੀ ਨਾਲ ਉਹ ਐਡ ਕੀਤੀ ਸੀ। ਇਸ ਤੋਂ ਬਾਅਦ ਮੈ ਕੋਈ ਐਡ ਨਹੀਂ ਕੀਤੀ।"

ਉਸ ਨੂੰ ਦੱਖਣ ਦੀ ਸੁਪਰਹਿੱਟ ਫਿਲਮ 'ਅਰਜੁਨ ਰੈੱਡੀ' ਦੀ ਹਿੰਦੀ ਰੀਮੇਕ 'ਕਬੀਰ ਸਿੰਘ' ਵਿੱਚ ਸ਼ਾਹਿਦ ਕਪੂਰ ਦੇ ਆਪੋਜ਼ਿਟ ਲੀਡ ਰੋਲ ਲਈ ਸਾਈਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹ ਕਰਣ ਜੌਹਰ ਦੀ ਫਿਲਮ 'ਕਲੰਕ' ਵਿੱਚ ਵੀ ਇੱਕ ਛੋਟੀ, ਪਰ ਅਹਿਮ ਭੂਮਿਕਾ ਨਿਭਾਉਂਦੀ ਨਜ਼ਰ ਆਏਗੀ।

ਉਹ ਦੱਖਣ ਦੀਆਂ ਫਿਲਮਾਂ ਵਿੱਚ ਵੀ ਸਰਗਰਮ ਹੈ। ਉਹ ਦੱਸਦੀ ਹੈ, "ਮੈਂ ਇੱਕ ਹੋਰ ਤੇਲਗੂ ਫਿਲਮ ਸਾਈਨ ਕੀਤੀ ਹੈ ਰਾਮਚਰਨ ਨਾਲ। ਉਸ 'ਤੇ ਮੈਂ ਕੰਮ ਕਰ ਰਹੀ ਹੈ। ਮੈਂ ਬਾਲੀਵੁੱਡ ਤੇ ਤੇਲਗੂ ਦੋਵਾਂ ਦੇ ਦਰਸ਼ਕਾਂ ਲਈ ਕੰਮ ਕਰਨਾ ਚਾਹੁੰਦੀ ਹਾਂ। ਮੇਰੀ ਕੋਸ਼ਿਸ਼ ਦੋਵਾਂ ਨੂੰ ਬੈਲੇਂਸ ਕਰਨ ਦੀ ਹੈ।"

# ਮੀਰਾ ਨਾਇਰ ਦੀ ਵੈੱਬ ਸੀਰੀਜ਼ ਕਰ ਸਕਦੇ ਹਨ ਈਸ਼ਾਨ ਖੱਟਰ

ਈਸ਼ਾਨ ਖੱਟਰ ਨੇ 'ਧੜਕ' ਅਤੇ 'ਬਿਯਾਇੰਡ ਦਿ ਕਲਾਊਡਸ' ਵਰਗੀਆਂ ਫਿਲਮਾਂ ਵਿੱਚ ਆਪਣੀ ਐਕਟਿੰਗ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ ਹੈ। ਉਸ ਦੀ ਸਫਲਤਾ ਦੇਖਦੇ ਹੋਏ ਇੰਡੀਅਨ-ਅਮਰੀਕਨ ਫਿਲਮਮੇਕਰ ਮੀਰਾ ਨਾਇਰ ਨੇ ਉਸ ਨੂੰ ਆਪਣੇ ਅਗਲੇ ਪ੍ਰੋਜੈਕਟ ਦੇ ਲਈ ਅਪਰੋਚ ਕੀਤਾ ਹੈ। ਸੂਤਰਾਂ ਮੁਤਾਬਕ ਉਹ ਈਸ਼ਾਨ ਨਾਲ ਇਸ ਪ੍ਰੋਜੈਕਟ ਦੇ ਸਿਲਸਿਲੇ ਵਿੱਚ ਮਿਲ ਵੀ ਚੁੱਕੀ ਹੈ ਤੇ ਉਸ ਨੂੰ ਸਟੋਰੀ ਵੀ ਨੈਰੇਟ ਕਰ ਦਿੱਤੀ ਹੈ। ਇਹ ਇੱਕ ਵੈੱਬ ਸੀਰੀਜ਼ ਹੋਵੇਗੀ। ਸੁਣਿਆ ਹੈ ਕਿ ਈਸ਼ਾਨ ਨੂੰ ਆਈਡੀਆ ਪਸੰਦ ਆਇਆ ਹੈ। ਹਾਲਾਂਕਿ ਅਜੇ ਤੱਕ ਉਸ ਨੇ ਇਸ ਦੇ ਲਈ ਹਾਮੀ ਨਹੀਂ ਭਰੀ ਹੈ।



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS



Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
Cell: 416-670-3173
Tell: 905-799-7333
**SPECIAL** Forklift Re-Certification Only $69
Open 7 Days
27-B Edvac Drive, Brampton, ON L6S 5X8



Karnail Singh



**Life is complicated. Insurance doesn't have to be.**

Switch to State Farm®
and receive even further savings when you combine home and auto.



We'll find the best policies to fit your life and advise you of opportunities for potential savings.

*Better things are just around the corner.*
CONTACT ME TODAY.

Amandeep Bajwa Ins Agcy Inc
Amandeep Bajwa, Agent
2260 Bovaird Drive E
Brampton, ON L6R 3J5
Bus: 905-460-5000

StateFarm IS BECOMING Desjardins Insurance

Desjardins Insurance refers to Certas Home and Auto Insurance Company, underwriter of automobile and property insurance or Desjardins Financial Security Life Assurance Company, underwriter of life insurance products.
Desjardins Insurance and related trademarks are trademarks of the Fédération des caisses Desjardins du Québec, used under licence.
State Farm branded policies are underwritten by Certas Home and Auto Insurance Company.
® State Farm and related trademarks and logos are registered trademarks owned by State Farm Mutual Automobile Insurance Company, used under licence by Certas Home and Auto Insurance Company and certain of its affiliates.
1810928CN

# ਛੇ ਵਾਰ ਵਿਸ਼ਵ ਖਿਤਾਬ ਜਿੱਤਣ ਵਾਲੀ ਮੈਰੀਕਾਮ ਨੇ ਆਈ.ਓ.ਐੱਸ. ਨਾਲ ਕਰਾਰ ਵਧਾਇਆ



ਨਵੀਂ ਦਿੱਲੀ, 29 ਨਵੰਬਰ (ਪੋਸਟ ਬਿਊਰੋ): ਭਾਰਤੀ ਮੁੱਕੇਬਾਜ਼ੀ ਦੀ ਧਾਕੜ ਅਤੇ ਰਿਕਾਰਡ ਛੇਵੀਂ ਵਾਰ ਵਿਸ਼ਵ ਖਿਤਾਬ ਜਿੱਤਣ ਵਾਲੀ ਮਹਿਲਾ ਮੁੱਕੇਬਾਜ਼ ਐੱਮ.ਸੀ. ਮੈਰੀਕਾਮ ਨੇ ਸਪੋਰਟਸ ਮੈਨੇਜਮੈਂਟ ਗਰੁੱਪ ਆਈ.ਓ.ਐੱਸ. ਦੇ ਨਾਲ ਆਪਣਾ ਕਾਰੋਬਾਰੀ ਕਰਾਰ ਵਧਾ ਲਿਆ ਹੈ। ਆਈ.ਓ.ਐੱਸ. ਨੇ ਮੰਗਲਵਾਰ ਨੂੰ ਇਕ ਬਿਆਨ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ। ਆਈ.ਐੱਸ.ਐੱਸ. 2009 ਤੋਂ ਮੈਰੀਕਾਮ ਦਾ ਪ੍ਰਬੰਧਨ ਦੇਖ ਰਿਹਾ ਸੀ।

ਮੈਰੀਕਾਮ ਨੇ ਹਾਲ ਹੀ 'ਚ ਦਿੱਲੀ 'ਚ ਆਯੋਜਿਤ ਵਿਸ਼ਵ ਮੁੱਕੇਬਾਜ਼ੀ ਪ੍ਰਤੀਯੋਗਿਤਾ 'ਚ ਛੇਵੀਂ ਵਾਰ ਵਿਸ਼ਵ ਖਿਤਾਬ ਜਿੱਤਿਆ ਸੀ ਅਤੇ ਟੂਰਨਾਮੈਂਟ ਦੇ ਇਤਿਹਾਸ 'ਚ ਸਭ ਤੋਂ ਸਫਲ ਮੁੱਕੇਬਾਜ਼ ਬਣ ਗਈ ਸੀ। ਮੈਰੀਕਾਮ ਨੇ ਕਿਹਾ,"ਪਿਛਲੇ 10 ਸਾਲਾਂ 'ਚ ਮੈਂ ਸਿਰਫ ਆਪਣੀ ਖੇਡ 'ਤੇ ਹੀ ਫੋਕਸ ਕੀਤਾ ਹੈ ਅਤੇ ਮੇਰਾ ਸਾਰਾ ਕੰਮ ਆਈ.ਓ.ਐੱਸ. ਦੇਖਦਾ ਹੈ। ਇਸ ਲਈ ਮੈਂ ਆਈ.ਓ.ਐੱਸ. ਨਾਲ ਕਰਾਰ ਵਧਾਉਣ ਦਾ ਫੈਸਲਾ ਕੀਤਾ ਹੈ।" ਆਈ.ਓ.ਐੱਸ. ਭਾਰਤ ਦੇ ਚੋਟੀ ਦੇ ਖੇਡ ਸਿਤਾਰਿਆਂ ਮੁੱਕੇਬਾਜ਼ ਵਿਜੇਂਦਰ ਸਿੰਘ, ਐਥਲੀਟ ਹਿਮਾ ਦਾਸ, ਟੇਬਲ ਟੈਨਿਸ ਖਿਡਾਰਨ ਮਣਿਕਾ ਬਤਰਾ, ਵੇਟਲਿਫਟਰ ਮੀਰਾਬਾਈ ਚਾਨੂੰ, ਮਨਪ੍ਰੀਤ ਸਿੰਘ ਅਤੇ ਜਿਨਸਨ ਜਾਨਸਨ ਦਾ ਵੀ ਪ੍ਰਬੰਧਨ ਦੇਖਦਾ ਹੈ।

## ਮਨਪ੍ਰੀਤ ਸਿੰਘ ਕਿਸੇ ਸਮੇਂ ਹਾਕੀ ਖੇਡਣ ਤੋਂ ਰੋਕਦਾ ਸੀ ਪਰਿਵਾਰ, ਹੁਣ ਬਣਿਆ ਕਪਤਾਨ



ਨਵੀਂ ਦਿੱਲੀ, 29 ਨਵੰਬਰ (ਪੋਸਟ ਬਿਊਰੋ): ਹਾਕੀ ਵਰਲਡ ਕੱਪ ਦੀ ਸ਼ੁਰੂਆਤ 2018 ਭੁਵਨੇਸ਼ਵਰ 'ਚ ਹੋ ਚੁੱਕੀ ਹੈ। ਇਸ 'ਚ ਜਲੰਧਰ ਦਾ ਹੋਣ-ਹਾਰ ਟੀਮ ਇੰਡੀਆ ਦੀ ਕਪਤਾਨੀ ਕਰਨ ਵਾਲਾ ਹੈ। ਟੀਮ ਇੰਡੀਆ ਦੇ ਕਪਤਾਨ ਮਨਪ੍ਰੀਤ ਸਿੰਘ ਨੂੰ ਕਦੀ ਉਨ੍ਹਾਂ ਦੀ ਮਾਂ ਹਾਕੀ ਖੇਡਣ ਤੋਂ ਰੋਕਦੀ ਸੀ ਅਤੇ ਅੱਜ ਉਹ ਮਨਪ੍ਰੀਤ ਟੀਮ ਇੰਡੀਆ ਦੀ ਵਰਲਡ 'ਚ ਕਪਤਾਨੀ ਕਰਨ ਜਾ ਰਹੇ ਹਨ। ਉਹੀ ਮਾਂ ਜੋ ਬੇਟੇ ਨੂੰ ਖੇਡਣ ਤੋਂ ਰੋਕਦੀ ਸੀ ਉਹੀ ਮਾਂ ਆਪਣੇ ਬੇਟੇ ਦਾ ਮੈਚ ਦੇਖਣ ਲਈ ਭੁਵਨੇਸ਼ਵਰ ਗਈ ਹੈ। ਭਰਾਵਾਂ ਨੂੰ ਹਾਕੀ ਖੇਡਦੇ ਦੇਖਿਆ ਤਾਂ 8 ਸਾਲ ਦੀ ਉਮਰ 'ਚ ਚੱਕੀ ਹਾਕੀ ਮਨਪ੍ਰੀਤ ਦੇ ਵੱਡੇ ਭਰਾ ਅਮਨਦੀਪ ਅਤੇ ਸੁਖਰਾਜ ਹਾਕੀ ਖੇਡਦੇ ਸਨ। ਉਹ ਉਨ੍ਹਾਂ ਨੂੰ ਦੇਖਣ ਲਈ ਮਿਠਾਪੁਰ ਖੇਡ ਮੈਦਾਨ 'ਤੇ ਪਹੁੰਚ ਜਾਂਦੇ ਸਨ। ਸੁਖਰਾਜ ਜ਼ਿਲਾ ਪੱਧਰ 'ਤੇ ਹਾਕੀ ਖੇਡ ਚੁੱਕੇ ਹਨ। ਉਸ ਸਮੇਂ ਸੁਖਰਾਜ 15 ਅਤੇ ਅਮਨਦੀਪ 18 ਸਾਲ ਦੇ ਸਨ।

ਮਨਪ੍ਰੀਤ ਨੂੰ ਬਚਪਨ ਤੋਂ ਹੀ ਹਾਕੀ ਖੇਡਣ ਦਾ ਬਹੁਤ ਸ਼ੌਕ ਸੀ। ਪਰ ਇਸ ਦੌਰਾਨ ਉਨ੍ਹਾਂ ਨੂੰ ਮਾਂ ਤੋਂ ਕਈ ਵਾਰ ਡਾਂਟ ਵੀ ਸੁਣਨੀ ਪਈ। ਦਰਅਸਲ ਮਨਪ੍ਰੀਤ ਤਿੰਨਾਂ ਭਰਾਵਾਂ 'ਚ ਸਭ ਤੋਂ ਛੋਟਾ ਸੀ, ਹਾਕੀ ਖੇਡਦੇ ਉਸਨੂੰ ਸੱਟ ਨਾ ਲੱਗ ਜਾਵੇ ਇਸ ਲਈ ਉਨ੍ਹਾਂ ਦੀ ਮਾਂ ਅਤੇ ਬਾਕੀ ਘਰ ਵਾਲੇ ਉਨ੍ਹਾਂ ਨੂੰ ਹਾਕੀ ਖੇਡਣ ਤੋਂ ਰੋਕਦੇ ਸਨ।

## ਰਿੰਗ ਗਰਲ ਏਰੀਆਨੀ ਦੀਆਂ ਤਸਵੀਰਾਂ ਚਰਚਾ 'ਚ



ਨਵੀਂ ਦਿੱਲੀ, 29 ਨਵੰਬਰ (ਪੋਸਟ ਬਿਊਰੋ) : ਮਿਕਸ ਮਾਰਸ਼ਲ ਆਰਟਸ (ਐੱਮ. ਐੱਮ. ਏ.) ਦੀ ਸਭ ਤੋਂ ਮਹਿੰਗੀ ਰਿੰਗ ਗਰਲ ਵਿਚੋਂ ਇਕ ਏਰੀਆਨੀ ਸੇਲੇਸਟੇ ਦਾ ਨਵਾਂ ਫੋਟੋਸ਼ੂਟ ਚਰਚਾ 'ਚ ਆ ਗਿਆ ਹੈ। ਸਮੁੰਦਰ ਕਿਨਾਰੇ ਬਿਕਨੀ ਪਾਈ ਏਰੀਆਨੀ ਦੇ ਇਸ ਕੈਲੰਡਰ ਫੋਟੋਸ਼ੂਟ ਨੂੰ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। 33 ਸਾਲਾ ਏਰੀਆਨੀ ਬੀਤੇ ਦਿਨੀਂ ਵੀ ਹਵਾਈ ਵਿਚ ਫੋਟੋਸ਼ੂਟ ਕਰਵਾਉਣ ਕਾਰਨ ਚਰਚਾ 'ਚ ਆਈ ਸੀ। ਏਰੀਆਨੀ ਨੇ ਬੀਤੇ ਦਿਨ ਖੁਦ ਹੀ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਪੋਸਟ ਪਾ ਕੇ ਲਿਖਿਆ-ਇਹ ਮੇਰਾ 2019 ਦਾ ਕੈਲੰਡਰ। ਟੋਮੀ ਸ਼ੀਹ ਨਾਲ ਖਿਚਵਾਈਆਂ ਇਨ੍ਹਾਂ ਫੋਟੋਆਂ ਦੇ ਸੋਸ਼ਲ ਸਾਈਟਸ 'ਤੇ ਵਾਇਰਲ ਹੁੰਦਿਆਂ ਹੀ ਫੈਨਜ਼ ਨੇ ਉਸ ਦੇ ਲਈ ਤਰ੍ਹਾਂ-ਤਰ੍ਹਾਂ ਦੇ ਕੁਮੈਂਟ ਦਿੱਤੇ। ਏਰੀਆਨੀ ਸਭ ਤੋਂ ਪਹਿਲਾਂ ਉਦੋਂ ਚਰਚਾ 'ਚ ਆਈ ਸੀ, ਜਦੋਂ ਯੂ. ਐੱਫ. ਸੀ. ਫਾਈਟਰ ਰੌਂਡਾ ਰੌਸੀ ਨੇ ਕਿਹਾ ਕਿ ਮੈਨੇਜਮੈਂਟ ਫਾਈਟਰਾਂ ਨੂੰ ਬਣਦਾ ਹੱਕ ਨਹੀਂ ਦਿੰਦੀ।

**NEED A LAWYER ??**
Red Seal NOTARY
**KAUR LAW OFFICE**



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਮੂੰਹੋ ਬੋਲਦੀ ਦੀ Kitchen and Washroom ਬਣਵਾਓ

**Pearson**
Kitchen & Cabinet

Free Estimate
We Specialize in granite, quartz & marble countertops






We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

**Dr. Randhawa Dentistry**



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




SimConnect
FREIGHT MANAGEMENT
**HIRING OWNER OPERATORS FOR LAREDO TX & MIDWEST LANES**
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile



Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*
*Some Conditions Apply

Top 1% Ranked in* Broker
Call For a Quick & Free Home Evaluation
www.BramptonQuickHomeEvaluation.com
(**2016,2015,2014,2013 2012,2011,2010) **(2009,2008) **(RE/MAX International) **(2010) **(2014)

Urgently Need New Listing in Brampton/GTA Call Jag Today To Sell Your Property For Top $$$ & Accurate Price

FOR SALE — BRAMPTON $689,905
ਚਿੰਗਕੁਜ਼ੀ/ਵੀਲੀਅਮ ਪਾਕ੍ਰਵੇ
ਬਹੁਤ ਹੀ ਸੋਹਣਾ 4+1 ਬੈਡਰੂਮ ਐਂਡ 4 ਵਾਸ਼ਰੂਮ ਘਰ , ਨਵਾਂ ਪੇਂਟ, ਲੇਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ, ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $934,905
ਏਅਰਪੋਰਟ/ਬ੍ਰਏਡਨ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਂਡ 5 ਵਾਸ਼ਰੂਮ ਡਿਟੈਚ ਡਬਲ ਸਟੋਰੀ ਘਰ, ਫਿਨਿਸ਼ਡ ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, 9 ਫੁੱਟ ਸਿਲਿੰਗ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਮਾਸਟਰ ਬੈਡਰੂਮ 6 ਪੀਸ ਈਨਸੂਟ, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $1,069,905
ਜੇਮਜ਼ ਪੋਟਰ/ਬੋਣੀ ਬਰੇਸ
ਬਹੁਤ ਸੋਹਣਾ 4+1 ਬੈਡਰੂਮ ਐਂਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੈਸਮੈਂਟ, ਹਾਰਡਵੂਡ ਫਲੋਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ

FOR SALE — BRAMPTON $787,905
ਏਅਰਪ੍ਰੋਟ ਰੋਡ/ ਕੈਸਲਮੋਰ
ਬਹੁਤ ਸੋਹਣਾ 4 ਬੈਡਰੂਮ ਐਂਡ 3 ਵਾਸ਼ਰੂਮ ਦਾ ਡਿਟੈਚਡ ਘਰ, 25 ਪੋਟ ਲਾਇਟਸ, ਓਪਨ ਕਾਂਸੈਪਟ, ਹਾਰਡਵੂਡ ਫਲੋਰ, ਅਪਗ੍ਰੇਡਡ ਕਿਚਨ, 4 ਕਾਰਾਂ ਦੀ ਪਾਕ੍ਰਿੰਗ, ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।

FOR LEASE — BRAMPTON $879,905
ਕੈਸਲਮੋਰ/ਹਾਇਵੇ 50
ਬਹੁਤ ਸੋਹਣਾ ਅਤੇ ਸਾਫ ਸੁਥਰਾ 1 ਬੈਡਰੂਮ ਐਂਡ 1 ਵਾਸ਼ਰੂਮ ਦਾ ਸੈਮੀ ਡਿਟੈਚ ਘਰ, 1 ਬੈਡਰੂਮ ਫੀਨਿਸ਼ਡ ਬੈਸਮੈਂਟ, ਸਿਰੇਮਿਕ ਫਲੋਰ, ਮਿਨੀਮਮ ਇੱਕ ਸਾਲ ਦੀ ਲਿਜ਼, 1st and last Month ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $1,469,905
ਗੋਰਵੇ/ਕੰਟਰੀਸਾਇਡ
ਬਹੁਤ ਹੀ ਸੋਹਣਾ 4 ਬੈਡਰੂਮ ਐਂਡ 5 ਵਾਸ਼ਰੂਮ ਵਾਸ਼ਰੂਮ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਕਿਚਨ ਨੂੰ ਗ੍ਰੇਨਾਇਟ ਕਾਉਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $1,674,000
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਂਡ 5 ਵਾਸ਼ਰੂਮ ਘਰ+3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $839,905
ਵੀਲਿਅਮਜ਼ ਪਾਕ੍ਰਵੇ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਂਡ 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੂਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।

IFS
INTERSTATE FREIGHT SYSTEMS INC.
A/Z ਡਰਾਈਵਰ ਤੇ ਡਿਸਪੈਚਰ ਦੀ ਲੋੜ
USA, Montreal, Montreal Local Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ
• 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
• ਡਰਾਇਵਰਾਂ ਦਾ CVOR Abstract ਚਾਹੀਦਾ ਹੈ
• Experienced ਡਿਸਪੈਚਰਾਂ ਦੀ ਵੀ ਲੋੜ ਹੈ
Also Hiring Owner Operators for local work
Please Send Resume at: jgill@interstatefreightsystem.com
Call: 416-452-0677, 647-448-3500 (Monday to Friday | 10am to 5pm)

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com

chatr™ MOBILE
NO TERM CONTRACTS
NO CREDIT CHECKS
DATA, TALK & TEXT
$40/MO.
LET'S GET GOING
CHATRMOBILE.COM
VISIT OUR LOCATION TODAY!
379 Main St. North, Brampton
2456 Lake Shore Blvd West, Etobicoke
chatr™ AUTHORIZED DEALER
Taxes extra. Offer subject to change without notice. Get 2GB of data at 3G speed up to 3Mbps. Once you reach your 3G speed data allotment, your data speed will be reduced until your next anniversary date. Valid at participating location(s) above and subject to change without notice. ™ Trademarks used under license. ©2018